ਪਟਿਆਲਾ- ਸਾਥੀਓ ਜੈ ਭੀਮ ਜੈ ਭਾਰਤ ਅਤਿ ਜ਼ਰੂਰੀ ਮੀਟਿੰਗ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਪਟਿਆਲਾ ਵੱਲੋਂ ਹਾਈ ਕਮਾਨ ਨੇ ਦਿਸ਼ਾ ਨਿਰਦੇਸ਼ਾਂ ਤੇ ਹਲਕਾ ਮਜੀਠਾ ਵਿਖੇ ਨਕਲੀ ਸ਼ਰਾਬ ਨਾਲ ਹੋਈਆਂ ਮੌਤਾਂ ਦੇ ਵਿਰੋਧ ਵਿਚ ਬਸਪਾ ਪੰਜਾਬ ਵੱਲੋਂ ਪੰਜਾਬ ਸੰਭਾਲੋ ਮੁਹਿੰਮ ਮਧਿਅਮ ਤੋਂ 22ਮਈ ਨੂੰ ਪੰਜਾਬ ਦੇ ਜ਼ਿਲ੍ਹਿਆਂ ਵਿੱਚ ਸੜਕਾਂ ਤੋਂ ਉਤਰ ਕੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰੇਗੀ ਇਸ ਲੜੀ ਤਹਿਤ ਇਸ ਰੋਸ ਪ੍ਰਦਰਸ਼ਨ ਨੂੰ ਕਾਮਯਾਬ ਕਰਨ ਲਈ ਜ਼ਿਲ੍ਹਾ ਪੱਧਰੀ ਮੀਟਿੰਗ 15 ਮਈ 2025 ਦਿਨ ਵੀਰਵਾਰ ਨੂੰ 11ਵੱਜੇ ਸਵੇਰੇ ਮੁੱਖ ਦਫਤਰ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਵਿਖੇ ਰੱਖੀ ਗਈ ਅਤਿ ਸਤਿਕਾਰਯੋਗ ਜ਼ਿਲੇ ਦੇ ਜ਼ਿਮੇਵਾਰ ਅਹੁਦੇਦਾਰਾਂ ਅਤੇ ਪੂਰੀ ਜ਼ਿਲ੍ਹਾ ਕਮੇਟੀ ਵਿਧਾਨ ਸਭਾਵਾਂ ਦੇ ਪ੍ਰਧਾਨ ਅਤੇ ਸਾਰੀਆਂ ਵਿਧਾਨ ਸਭਾਵਾਂ ਦੇ ਕੋਆਰਡੀਨੇਟਰ (ਜ਼ਿਲ੍ਹਾ ਇੰਚਾਰਜ) ਦਿੱਤੇ ਗਏ ਸਮੇਂ ਅਨੁਸਾਰ ਮੀਟਿੰਗ ਵਿੱਚ ਪਹੁਚਣਾ ਯੁਕੀਨੀ ਬਣਾਉਣ ਅਪੀਲ ਕਰਤਾ

ਜਗਮੇਲ ਸਿੰਘ ਜੱਸਲ
ਦਫ਼ਤਰ ਸਕੱਤਰ
ਬਸਪਾ ਜ਼ਿਲ੍ਹਾ ਪਟਿਆਲਾ

# ਹਰਜੋਤ ਕੌਰ ਨੇ ਦਸਵੀਂ ਦੀ ਪ੍ਰੀਖਿਆ ਵਿੱਚੋਂ 90% ਪ੍ਰਤੀਸ਼ਤ ਅੰਕ ਕੀਤੇ ਪ੍ਰਾਪਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com

14 ਮਈ (ਗਗਨਦੀਪ ਸਿੰਘ) ਰਾਮਪੁਰਾ ਫੂਲ/ਬਠਿੰਡਾ: ਹਰਜੋਤ ਕੌਰ ਸਪੁੱਤਰੀ ਸ. ਸੁਰਜੀਤ ਸਿੰਘ ਵਾਸੀ ਢਿਪਾਲੀ ਜ਼ਿਲ੍ਹਾ ਬਠਿੰਡਾ ਨੇ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ, ਕਲਾਸ ਦਸਵੀਂ CBSE ਬੋਰਡ ਵਿੱਚੋਂ 90% ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਪਿੰਡ ਢਿਪਾਲੀ ਦਾ ਵਧਾਇਆ ਮਾਣ। ਹਰਜੋਤ ਅਤੇ ਉਸਦੇ ਪਰਿਵਾਰ ਨੂੰ ਬਹੁਤ ਬਹੁਤ ਮੁਬਾਰਕਾਂ।



# ਝੋਨੇ ਦੀ ਥਾਂ ਮੱਕੀ ਬੀਜਣ ਵਾਲੇ ਕਿਸਾਨਾਂ ਨੂੰ ਦਿੱਤੀ ਜਾਵੇਗੀ 7 ਹਜ਼ਾਰ ਰੁਪਏ ਪ੍ਰਤੀ ਏਕੜ ਮਾਲੀ ਸਹਾਇਤਾ : ਡਿਪਟੀ ਕਮਿਸ਼ਨਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com

ਬਠਿੰਡਾ, 14 ਮਈ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੋਟਗੁਰੂ)- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਫਸਲੀ-ਵਿਭਿੰਨਤਾ ਤਹਿਤ ਝੋਨੇ ਦੀ ਥਾਂ 'ਤੇ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਨ ਲਈ ਜ਼ਿਲ੍ਹੇ ਦੀ ਪਾਇਲਟ ਪ੍ਰੋਜੈਕਟ ਅਧੀਨ ਚੋਣ ਕੀਤੀ ਗਈ ਹੈ। ਇਸੇ ਤਹਿਤ ਝੋਨੇ ਦੀ ਥਾਂ 'ਤੇ ਮੱਕੀ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦੇ ਨਾਲ-ਨਾਲ 7 ਹਜ਼ਾਰ ਰੁਪਏ ਪ੍ਰਤੀ ਏਕੜ ਦੀ ਮਾਲੀ ਸਹਾਇਤਾ ਦਿੱਤੀ ਜਾਵੇਗੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫਸਰ ਡਾ.ਜਗਦੀਸ਼ ਸਿੰਘ ਨੇ ਦੱਸਿਆ ਕਿ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੱਕੀ ਦੀ ਕਾਸ਼ਤ ਨੂੰ ਸਫਲ ਕਰਨ ਲਈ ਕਿਸਾਨਾਂ ਨੂੰ ਸਿਖਲਾਈ ਦਿੱਤੀ ਗਈ। ਜ਼ਿਲ੍ਹੇ ਵਿੱਚ ਜ਼ਿਆਦਾ ਰਕਬਾ ਨਰਮੇ ਦੀ ਕਾਸ਼ਤ ਹੇਠੋ ਨਿਕਲ ਕੇ ਝੋਨੇ ਹੇਠ ਆ ਗਿਆ ਹੈ ਪਰੰਤੂ ਜ਼ਮੀਨੀ ਪਾਣੀ ਦੀ ਕੁਆਲਿਟੀ ਮਾੜੀ ਹੋਣ ਕਰਕੇ ਝਾੜ ਵੀ ਘੱਟ ਮਿਲਦਾ ਹੈ ਤੇ ਜ਼ਮੀਨ ਤੇ ਵੀ ਮਾੜਾ ਅਸਰ ਪੈਂਦਾ ਹੈ।ਜ਼ਿਲ੍ਹੇ ਵਿੱਚ 4 ਈਥਾਨੋਲ ਪਲਾਂਟ ਕੰਮ ਕਰਦੇ ਹੋਣ ਕਰਕੇ ਬਹੁਤ ਵੱਡੀ ਮਾਤਰਾ ਵਿੱਚ ਮੱਕੀ ਦੀ ਖਪਤ ਹੁੰਦੀ ਹੈ ਜੋ ਕਿ ਬਾਹਰਲੇ ਸੂਬਿਆਂ ਤੋ ਮੰਗਵਾਈ ਜਾਂਦੀ ਹੈ। ਇਸ ਤੋ ਇਲਾਵਾ ਪਸ਼ੂ ਖੁਰਾਕ ਅਤੇ ਪੋਲਟਰੀ ਫੀਡ ਵਿੱਚ ਵੀ ਮੱਕੀ ਦੀ ਵਰਤੋ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਦੀ ਯੋਜਨਾ ਤਹਿਤ ਬਠਿੰਡਾ ਜ਼ਿਲ੍ਹੇ ਵਿੱਚ ਇਸ ਸਾਉਣੀ ਦੌਰਾਨ 2500 ਹੈਕਟੇਅਰ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਵਾਉਣ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ।ਇਸੇ ਲੜੀ ਤਹਿਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸਾਇੰਸਦਾਨਾਂ ਵੱਲੋ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਠਿੰਡਾ ਦੇ ਅਧਿਕਾਰੀਆਂ/ਕਰਮਚਾਰੀਆਂ ਅਤੇ ਕਿਸਾਨ ਮਿੱਤਰਾਂ ਨੂੰ ਮੱਕੀ ਦੀ ਕਾਸ਼ਤ ਸਬੰਧੀ ਅਹਿਮ ਨੁਕਤਿਆਂ ਬਾਰੇ ਟਰੇਨਿੰਗ ਦਿੱਤੀ ਗਈ ਜੋ ਕਿ ਅੱਗੇ ਕਿਸਾਨਾਂ ਨਾਲ ਤਾਲਮੇਲ ਕਰਕੇ ਮੱਕੀ ਦੀ ਬਿਜਾਈ ਨੂੰ ਉਤਸ਼ਾਹਿਤ/ਪ੍ਰੇਰਿਤ ਕਰਨਗੇ। ਮੱਕੀ ਦੀ ਬਿਜਾਈ ਮਈ ਦੇ ਅਖੀਰਲੇ ਹਫਤੇ ਤੋਂ ਜੂਨ ਦੇ ਆਖੀਰ ਤੱਕ ਕੀਤੀ ਜਾ ਸਕਦੀ ਹੈ, ਜੋ ਵੀ ਕਿਸਾਨ ਮੱਕੀ ਦੀ ਬਿਜਾਈ ਕਰਨ ਦੇ ਚਾਹਵਾਨ ਹਨ, ਉਹ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜ਼ਿਲ੍ਹਾ ਬਠਿੰਡਾ ਦੇ ਬਲਾਕ/ਜ਼ਿਲ੍ਹਾ ਦਫਤਰ ਨਾਲ ਤਾਲਮੇਲ ਕਰ ਸਕਦੇ ਹਨ। ਮੁੱਖ ਖੇਤੀਬਾੜੀ ਅਫਸਰ ਵੱਲੋਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪਿੰਡ ਪੱਧਰ 'ਤੇ ਲਗਾਏ ਜਾ ਰਹੇ ਕੈਂਪਾਂ ਵਿੱਚ ਵੱਧ ਤੋ ਵੱਧ ਸ਼ਮੂਲੀਅਤ ਕਰਨ ਤੇ ਲੋੜ ਅਨੁਸਾਰ ਬਲਾਕ/ਜ਼ਿਲ੍ਹਾ ਦਫਤਰ ਨਾਲ ਸੰਪਰਕ ਕਰ ਸਕਦੇ ਹਨ।



# ਗੁ:ਮੰਜੀ ਸਾਹਿਬ ਕੋਟਾਂ ਵਿਖੇ ਸਰਹਿੰਦ ਫਤਿਹ ਦਿਵਸ ਨੂੰ ਸਮਰਪਿਤ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com

ਲ ਧਿ ਆ ਣਾ (ਗੁਰਦੀਪ ਸਿੰਘ) ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਮਹਾਰਾਜ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਿਕ ਧਰਤੀ ਤੇ ਸੁਸ਼ੋਭਿਤ ਗੁਰਦੁਆਰਾ ਮੰਜੀ ਸਾਹਿਬ ਕੋਟਾਂ, ਜੀ.ਟੀ ਰੋਡ ਵਿਖੇ ਸਰਹਿੰਦ ਫਤਿਹ ਦਿਵਸ ਨੂੰ ਸਮਰਪਿਤ ਭਾਈ ਘਨ੍ਹੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਵਲੋ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਦੇਖ ਰੇਖ ਹੇਠ 804ਵਾਂ ਮਹਾਨ ਖੁਨਦਾਨ ਕੈਂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਗੁਰਚਰਨ ਸਿੰਘ



ਕੋਟਾਂ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਸਮੇਂ ਮਹਾਨ ਖੁਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਮੈਂਬਰ ਐਸ.ਜੀ.ਪੀ.ਸੀ ਸਾਬਕਾ ਜੂਨੀਅਰ ਮੀਤ ਪ੍ਰਧਾਨ ਜੱਥੇਦਾਰ ਹਰਪਾਲ ਸਿੰਘ ਜਲ੍ਹਾ ਨੇ ਫਤਹਿ ਸਰਹਿੰਦ ਦਿਵਸ ਨੂੰ ਸਮਰਪਿਤ ਮਨੁੱਖਤਾ ਦੇ ਭਲੇ ਲਈ ਲਗਾਏ ਮਹਾਨ ਖੁਨਦਾਨ ਕੈਂਪ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਬਾਜ ਸਿੰਘ, ਬਾਬਾ ਅਲੀ ਸਿੰਘ, ਬਾਬਾ ਮਾਲੀ ਸਿੰਘ,ਬਾਬਾ ਫਤਹਿ ਸਿੰਘ ਨੇ ਸਰਹਿੰਦ ਤੋਂ 12 ਕਿਲੋਮੀਟਰ ਦੂਰੀ ਤੇ ਛੱਪੜਝਿੜੀ ਦੇ ਮੈਦਾਨ ਤੇ 1710 ਈਸਵੀ ਵਿੱਚ ਵਜੀਦ ਖਾਨ ਨੂੰ ਮੌਤ ਦੇ ਘਾਟ ਉਤਾਰ ਕੇ ਧੰਨ ਧੰਨ ਮਾਤਾ ਗੁਜਰ ਕੌਰ ਜੀ, ਧੰਨ ਧੰਨ ਬਾਬਾ ਜ਼ੋਰਾਵਰ ਸਿੰਘ ਜੀ, ਧੰਨ ਧੰਨ ਬਾਬਾ ਫਤਹਿ ਸਿੰਘ ਜੀ ਦੀ ਲਾਸਾਨੀ ਤੇ ਬੇਮਿਸਾਲ ਸ਼ਹੀਦੀ ਦਾ ਬਦਲਾ ਲਿਆ ਅਤੇ ਜ਼ੁਲਮ ਅਤੇ ਜ਼ਾਲਮ ਰਾਜ ਦਾ ਅੰਤ ਕਰਕੇ ਖਾਲਸਾ ਰਾਜ ਸਥਾਪਤ ਕੀਤਾ। ਇਸ ਮੌਕੇਂ ਤੇ ਖੁਨਦਾਨ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਵਿਧਾਇਕ ਲਖਵੀਰ ਸਿੰਘ ਲੱਖਾ ਨੇ ਖੁਨਦਾਨੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਸਰਟੀਫਿਕੇਟ ਤੇ ਸਨਮਾਨ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ।ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘੱਨ੍ਹੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਨੇ ਦਸਿਆ ਖੁਨਦਾਨ ਕੈਂਪ ਦੋਰਾਨ ਇਕੱਤਰ ਕੀਤਾ ਗਿਆ ਖੁਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿਚ ਦਿਤਾ ਜਾਵੇਗਾ।ਇਸ ਮੌਕੇ ਤੇ ਕੁਲਦੀਪ ਸਿੰਘ,ਗੁਰਮੀਤ ਸਿੰਘ ਖਾਲਸਾ, ਸਰਬਜੀਤ ਸਿੰਘ ਸੋਹਲ, ਧਰਮਵੀਰ ਸਿੰਘ,ਜਸਜੋਤ ਸਿੰਘ,ਆਦਿ ਹਾਜ਼ਰ ਸਨ।




# ਬਾਰ੍ਹਵੀਂ ਦੇ ਨਤੀਜੇ ਚੋਂ ਜਸਮੀਤ ਕੌਰ ਨੇ ਪੰਜਾਬ ਵਿੱਚੋਂ ਗਿਆਰਵਾਂ ਸਥਾਨ ਹਾਸਲ ਕੀਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com

ਬਠਿੰਡਾ, 14 ਮਈ ( ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਵੱਲੋਂ ਐਲਾਨੇ ਗਏ 12ਵੀਂ ਦੇ ਨਤੀਜਿਆਂ ਵਿੱਚ ਹਰ ਵਾਰ ਦੀ ਤਰ੍ਹਾਂ ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ, ਬਠਿੰਡਾ (ਬੀ. ਐਫ.ਐਸ.ਐਸ.ਐਸ.) ਦੇ ਵਿਦਿਆਰਥੀਆਂ ਨੇ ਸ਼ਾਨਦਾਰ ਨਤੀਜੇ ਪ੍ਰਾਪਤ ਕੀਤੇ ਹਨ । ਜਿਸ ਅਨੁਸਾਰ ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਦੀ 10+2 (ਕਾਮਰਸ) ਦੀ ਵਿਦਿਆਰਥਣ ਜਸਮੀਤ ਕੌਰ ਪੁੱਤਰੀ ਜਸਵਿੰਦਰ ਸਿੰਘ ਨੇ 97.8 ਫ਼ੀਸਦੀ ਅੰਕ ਪ੍ਰਾਪਤ ਕਰ ਕੇ ਓਵਰਆਲ ਪੰਜਾਬ ਵਿੱਚੋਂ ਗਿਆਰਵਾਂ ਅਤੇ ਜ਼ਿਲ੍ਹਾ ਬਠਿੰਡਾ ਵਿੱਚੋ ਦੂਸਰਾ ਸਥਾਨ ਪ੍ਰਾਪਤ ਕੀਤਾ ਹੈ ਜਦੋਂ ਕਿ 10+2 ਕਾਮਰਸ ਸਟਰੀਮ ਦੇ ਨਤੀਜੇ ਅਨੁਸਾਰ ਬਠਿੰਡਾ ਜ਼ਿਲ੍ਹੇ ਵਿੱਚੋ ਪਹਿਲਾ ਸਥਾਨ ਹਾਸਲ ਕੀਤਾ ਹੈ। ਸਕੂਲ ਦੇ ਪ੍ਰਿੰਸੀਪਲ ਡਾ. ਬਲਜਿੰਦਰ ਸਿੰਘ, ਵਿਭਾਗ ਮੁਖੀਆਂ ਅਤੇ ਅਧਿਆਪਕਾਂ ਨੇ ਹੋਣਹਾਰ ਵਿਦਿਆਰਥਣ ਅਤੇ ਉਸ ਦੇ ਮਾਪਿਆਂ ਨੂੰ ਇਸ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ । ਬੀ.ਐਫ. ਜੀ.ਆਈ. ਦੇ ਚੇਅਰਮੈਨ ਡਾ.ਗੁਰਮੀਤ ਸਿੰਘ ਧਾਲੀਵਾਲ ਅਤੇ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਐਮ.ਪੀ. ਪੂਨੀਆ ਨੇ ਇਸ ਸ਼ਾਨਦਾਰ ਨਤੀਜੇ 'ਤੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਕਾਬਲ ਅਧਿਆਪਕਾਂ ਦੀ ਯੋਗ ਅਗਵਾਈ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਸਦਕਾ ਇਸ ਸਕੂਲ ਦੇ ਵਿਦਿਆਰਥੀ ਲਗਾਤਾਰ ਮੈਰਿਟ ਪੁਜ਼ੀਸ਼ਨਾਂ ਹਾਸਲ ਕਰਦੇ ਆ ਰਹੇ ਹਨ। ਉਨ੍ਹਾਂ ਨੇ ਸਕੂਲ ਦੇ ਪ੍ਰਿੰਸੀਪਲ, ਸਮੂਹ



ਅਧਿਆਪਕਾਂ ਅਤੇ ਸ਼ਾਨਦਾਰ ਨਤੀਜੇ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਮੈਰਿਟ ਪੁਜ਼ੀਸ਼ਨ ਹਾਸਲ ਕਰਨ ਵਾਲੀ ਹੋਣਹਾਰ ਵਿਦਿਆਰਥਣ ਜਸਮੀਤ ਕੌਰ ਨੂੰ ਉਸ ਦੇ ਸੁਨਹਿਰੀ ਭਵਿੱਖ ਲਈ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ।

# ਡਰੱਗ ਕੰਟਰੋਲ ਵਿਭਾਗ ਨੇ 71 ਲੱਖ ਰੁਪਏ ਦੀਆਂ ਨਸ਼ੀਲੀਆਂ ਦਵਾਈਆਂ ਕੀਤੀਆਂ ਬਰਾਮਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ (Punjab) ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਬੀਤੇ ਕਰੀਬ ਦੋ ਮਹੀਨਿਆਂ ਤੋਂ ਚਲਾਏ ਜਾ ਰਹੇ ਨਸ਼ਿਆਂ ਵਿਰੁੱਧ ਯੁੱਧ ਦੌਰਾਨ ਡਰੱਗ ਕੰਟਰੋਲ ਵਿਭਾਗ ਨੇ ਜ਼ਿਲ੍ਹੇ ਦੇ ਮੈਡੀਕਲ ਸਟੋਰਾਂ ਦੀ ਕੀਤੀ ਜਾਂਚ ਵਿੱਚ ਹੁਣ ਤੱਕ 71 ਲੱਖ ਰੁਪਏ ਦੀਆਂ ਨਸ਼ੀਲੀਆਂ ਦਵਾਈਆਂ ਬਰਾਮਦ ਕੀਤੀਆਂ ਹਨ । ਇਹ ਜਾਣਕਾਰੀ ਦਿੰਦਿਆਂ ਜੋਨਲ ਲਾਈਸੈਂਸਿੰਗ ਅਥਾਰਟੀ ਦੇ ਅਧਿਕਾਰੀ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਸਾਡੀਆਂ ਟੀਮਾਂ ਵੱਲੋਂ ਹੁਣ ਤੱਕ 94 ਮੈਡੀਕਲ ਸਟੋਰਾਂ ਦੀ ਜਾਂਚ ਕੀਤੀ ਗਈ, ਜਿਸ ਦੌਰਾਨ 1.60 ਲੱਖ ਨਸ਼ੇ ਦੇ ਕੈਪਸੂਲ ਅਤੇ 1.55 ਲੱਖ ਨਸ਼ੇ ਦੀਆਂ ਗੋਲੀਆਂ ਵੱਖ-ਵੱਖ ਸਟੋਰਾਂ ਤੋਂ ਬਰਾਮਦ ਕੀਤੀਆਂ ਗਈਆਂ।

# ਰਾਸ਼ਟਰੀ ਡੇਂਗੂ ਦਿਵਸ: ਆਓ ! ਸਾਂਝੇ ਯਤਨਾਂ ਨਾਲ ਡੇਂਗੂ ਨੂੰ ਹਰਾਈਏ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

**ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ), ਸੰਪਰਕ 9876888177-**

ਭਾਰਤ ਵਿੱਚ ਹਰ ਸਾਲ 16 ਮਈ ਨੂੰ ਰਾਸ਼ਟਰੀ ਡੇਂਗੂ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਦਾ ਮੁੱਖ ਮੰਤਵ ਲੋਕਾਂ ਨੂੰ ਡੇਂਗੂ ਬੁਖਾਰ ਬਾਰੇ ਜਾਣਕਾਰੀ ਦੇਣਾ ਅਤੇ ਇਸ ਤੋਂ ਬਚਾਅ ਲਈ ਸਾਂਝੇ ਯਤਨ ਕਰਨ ਦੀ ਪ੍ਰੇਰਨਾ ਦੇਣਾ ਹੈ। ਡੇਂਗੂ ਇੱਕ ਗੰਭੀਰ ਬਿਮਾਰੀ ਹੈ ਜੋ ਕਿ ਏਡੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦੀ ਹੈ। ਮੌਨਸੂਨ ਦੇ ਆਉਣ ਨਾਲ ਇਸ ਬਿਮਾਰੀ ਦੇ ਫੈਲਣ ਦਾ ਖ਼ਤਰਾ ਹੋਰ ਵੀ ਵੱਧ ਜਾਂਦਾ ਹੈ ਕਿਉਂਕਿ ਇਸ ਸਮੇਂ ਦੌਰਾਨ ਮੱਛਰਾਂ ਦੀ ਪੈਦਾਵਾਰ ਤੇਜ਼ੀ ਨਾਲ ਹੁੰਦੀ ਹੈ। ਇਸ ਲਈ, ਇਸ ਬਿਮਾਰੀ ਤੋਂ ਬਚਣ ਲਈ ਵਿਅਕਤੀਗਤ ਅਤੇ ਸਮੂਹਿਕ ਪੱਧਰ ‘ਤੇ ਕਦਮ ਚੁੱਕਣ ਦੀ ਸਖ਼ਤ ਲੋੜ ਹੈ।

ਡੇਂਗੂ ਦੇ ਮੁੱਖ ਲੱਛਣਾਂ ਵਿੱਚ ਤੇਜ਼ ਬੁਖਾਰ, ਸਿਰ ਦਰਦ, ਮਾਸਪੇਸ਼ੀਆਂ ਅਤੇ ਜੋੜਾਂ ਵਿੱਚ ਅਸਹਿ ਦਰਦ, ਅੱਖਾਂ ਦੇ ਪਿੱਛੇ ਦਰਦ, ਚਮੜੀ ‘ਤੇ ਲਾਲ ਧੱਫੜ ਅਤੇ ਕਈ ਵਾਰ ਮਤਲੀ ਅਤੇ ਉਲਟੀਆਂ ਸ਼ਾਮਲ ਹਨ। ਜੇਕਰ ਕਿਸੇ ਵਿਅਕਤੀ ਨੂੰ ਇਹ ਲੱਛਣ ਮਹਿਸੂਸ ਹੁੰਦੇ ਹਨ ਤਾਂ ਉਸਨੂੰ ਤੁਰੰਤ ਨੇੜਲੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਡੇਂਗੂ ਦਾ ਕੋਈ ਖਾਸ ਇਲਾਜ ਨਹੀਂ ਹੈ ਇਸ ਲਈ ਇਸ ਤੋਂ ਬਚਾਅ ਹੀ ਸਭ ਤੋਂ ਵਧੀਆ ਤਰੀਕਾ ਹੈ।

ਡੇਂਗੂ ਤੋਂ ਬਚਣ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਘਰਾਂ ਅਤੇ ਆਲੇ-ਦੁਆਲੇ ਦੀ ਸਫ਼ਾਈ ਬਹੁਤ ਜ਼ਰੂਰੀ ਹੈ। ਪਾਣੀ ਨੂੰ ਕਿਸੇ ਵੀ ਖੁੱਲ੍ਹੇ ਭਾਂਡੇ, ਕੂਲਰ, ਗਮਲੇ ਜਾਂ ਟਾਇਰਾਂ ਵਿੱਚ ਇਕੱਠਾ ਨਾ ਹੋਣ ਦਿਓ। ਜੇਕਰ ਪਾਣੀ ਜਮ੍ਹਾਂ ਹੈ ਤਾਂ ਉਸਨੂੰ ਤੁਰੰਤ ਸਾਫ਼ ਕਰੋ ਜਾਂ ਬਦਲ ਦਿਓ। ਮੱਛਰਾਂ ਨੂੰ ਪੈਦਾ ਹੋਣ ਤੋਂ ਰੋਕਣ ਲਈ ਇਹ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ। ਇਸ ਦਿਸ਼ਾ ਵਿੱਚ ਸਿਹਤ ਵਿਭਾਗ ਵੱਲੋਂ ਹਰ ਸ਼ੁਕਰਵਾਰ ‘ਡੇਂਗੂ ਤੇ ਵਾਰ’ ਮੁਹਿੰਮ ਤਹਿਤ ‘ਡਰਾਈ ਡੇ’ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਲੋਕਾਂ ਨੂੰ ਆਪਣੇ ਘਰਾਂ ਅਤੇ ਆਲੇ-ਦੁਆਲੇ ਵਿੱਚ ਜਮ੍ਹਾਂ ਪਾਣੀ ਨੂੰ ਸੁਕਾਉਣ ਅਤੇ ਸਾਫ਼ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਸਾਨੂੰ ਮੱਛਰਾਂ ਦੇ ਕੱਟਣ ਤੋਂ ਬਚਣ ਲਈ ਮੱਛਰਦਾਨੀ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਸਰੀਰ ਨੂੰ ਪੂਰੀ ਤਰ੍ਹਾਂ ਢੱਕਣ ਵਾਲੇ ਕੱਪੜੇ ਪਹਿਨਣੇ ਚਾਹੀਦੇ ਹਨ। ਮੱਛਰ ਭਜਾਉਣ ਵਾਲੇ ਲੋਸ਼ਨ ਅਤੇ ਸਪਰੇਆਂ ਦੀ ਵਰਤੋਂ ਵੀ ਲਾਭਦਾਇਕ ਹੋ ਸਕਦੀ ਹੈ।

ਰਾਸ਼ਟਰੀ ਡੇਂਗੂ ਦਿਵਸ ਸਾਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਡੇਂਗੂ ਇੱਕ ਸਮਾਜਿਕ ਸਮੱਸਿਆ ਹੈ ਅਤੇ ਇਸ ਨੂੰ ਸਿਰਫ਼ ਸਾਂਝੇ ਯਤਨਾਂ ਨਾਲ ਹੀ ਹਰਾਇਆ ਜਾ ਸਕਦਾ ਹੈ। ਸਰਕਾਰ ਅਤੇ ਸਿਹਤ ਵਿਭਾਗ ਇਸ ਬਿਮਾਰੀ ਦੀ ਰੋਕਥਾਮ ਲਈ ਵੱਖ-ਵੱਖ ਜਾਗਰੂਕਤਾ ਮੁਹਿੰਮਾਂ ਚਲਾਉਂਦੇ ਹਨ, ਪਰ ਲੋਕਾਂ ਦੀ



ਸਰਗਰਮ ਭਾਗੀਦਾਰੀ ਤੋਂ ਬਿਨਾਂ ਇਹ ਮੁਹਿੰਮਾਂ ਸਫਲ ਨਹੀਂ ਹੋ ਸਕਦੀਆਂ। ਹਰੇਕ ਵਿਅਕਤੀ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ ਅਤੇ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ।

ਆਓ, ਇਸ ਰਾਸ਼ਟਰੀ ਡੇਂਗੂ ਦਿਵਸ ‘ਤੇ ਅਸੀਂ ਸਾਰੇ ਮਿਲ ਕੇ ਇਹ ਪ੍ਰਣ ਕਰੀਏ ਕਿ ਅਸੀਂ ਡੇਂਗੂ ਨੂੰ ਆਪਣੇ ਸਮਾਜ ਵਿੱਚੋਂ ਖਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਸਾਂਝੇ ਯਤਨਾਂ ਨਾਲ ਅਸੀਂ ਨਾ ਸਿਰਫ਼ ਆਪਣੀ ਸਿਹਤ ਦੀ ਰੱਖਿਆ ਕਰ ਸਕਦੇ ਹਾਂ, ਸਗੋਂ ਇੱਕ ਸਿਹਤਮੰਦ ਅਤੇ ਸੁਰੱਖਿਅਤ ਭਵਿੱਖ ਵੀ ਯਕੀਨੀ ਬਣਾ ਸਕਦੇ ਹਾਂ। ਯਾਦ ਰੱਖੋ, ਡੇਂਗੂ ਤੋਂ ਬਚਾਅ ਵਿੱਚ ਹੀ ਸਭ ਦੀ ਭਲਾਈ ਹੈ।

# ਭਾਰਤ ਭੂਸ਼ਨ ਹੋਏ ਪਦਉਨਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਨਾਭਾ 14 ਮਈ ਬਾਂਗਾਂ/ ਬੇਅੰਤ ਸਿੰਘ ਰੋਹਟੀ ਖਾਸ)

ਭਾਰਤ ਭੂਸ਼ਨ ਪਦ ਉਨਤ ਹੋਣ ਤੇ ਬਣੇ ਸਿਵਲ ਹਸਪਤਾਲ ਨਾਭਾ ਵਿਖੇ ਸੀਨੀਅਰ ਫਾਰਮੇਸੀ ਅਫਸਰ ਡਾਰੈਕਟਰ ਸਿਹਤ ਸੇਵਾਵਾਂ ਵੱਲੋਂ ਜਾਰੀ ਪੱਤਰ ਨੰਬਰ ਈ(5)ਪੰ:2025/1801 ਮਿਤੀ 12/05/2025 ਅਨੁਸਾਰ ਪਿਛਲੇ ਦਿਨੀ ਫਾਰਮੇਸੀ ਅਫਸਰਾਂ ਨੂੰ ਬਤੌਰ ਸੀਨੀਅਰ ਫਾਰਮੇਸੀ ਅਫਸਰ ਪਦਉੱਨਤ ਕੀਤਾ ਗਿਆ ਜਿਸ ਵਿੱਚ ਕੁੱਲ 32 ਫਾਰਮੇਸੀ ਅਫਸਰਾਂ ਨੂੰ ਸੀਨੀਅਰ



ਫਾਰਮੇਸੀ ਅਫਸਰ ਬਣਾਇਆ ਗਿਆ ਅਤੇ ਚਾਰ ਫਾਰਮੇਸੀ ਅਫਸਰਾਂ ਨੇ ਤਰੱਕੀ ਲੈਣ ਤੋਂ ਇਨਕਾਰ ਕਰ ਦਿੱਤਾ ਜਿਨਾਂ ਵਿੱਚ ਸਿਵਲ ਹਸਪਤਾਲ ਨਾਭਾ ਵਿਖੇ ਕੰਮ ਕਰ ਰਹੇ ਸ੍ਰੀ ਭਾਰਤ ਭੂਸ਼ਣ ਫਾਰਮੇਸੀ ਅਫਸਰ ਵੀ ਪਦ ਹੋ ਕੇ ਸੀਨੀਅਰ ਫਾਰਮੇਸੀ ਅਫਸਰ ਬਣੇ ਹਨ ਅੱਜ ਉਹਨਾਂ ਵੱਲੋਂ ਸਿਵਲ ਹਸਪਤਾਲ ਨਾਭਾ ਵਿਖੇ ਪਦ ਉੱਨਤੀ ਉਪਰੰਤ ਬਤੌਰ ਸੀਨੀਅਰ ਫਾਰਮੇਸੀ ਅਫਸਰ ਜੁਆਇਨ ਕੀਤਾ ਗਿਆ ਜਿਸ ਨਾਲ ਸਮੁੱਚੇ ਫਾਰਮੇਸੀ ਵਰਗ ਵਿੱਚ ਖੁਸ਼ੀ ਪਾਈ ਗਈ ਜੁਆਇਨਿੰਗ ਸਮੇਂ ਸਮੂਹ ਫਾਰਮੇਸੀ ਅਫਸਰ, ਸੇਵਾ ਮੁਕਤ ਸੀਨੀਅਰ ਫਾਰਮੇਸੀ ਅਫਸਰ ਸ੍ਰੀ ਮਹੇਸ਼ ਕੁਮਾਰ ਅਤੇ ਸੇਵਾ ਮੁਕਤ ਚੀਫ ਫਾਰਮੇਸੀ ਅਫਸਰ ਸਰਬਜੀਤ ਸਿੰਘ ਸਮੇਤ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਨਰਿੰਦਰ ਮੋਹਣ ਸ਼ਰਮਾ ਵੀ ਹਾਜ਼ਰ ਸਨ ਉਹਨਾਂ ਸਭ ਨੇ ਸ੍ਰੀ ਭਾਰਤ ਭੂਸ਼ਣ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਕੀਤੇ ਸਲਾਘਾਯੋਗ ਕਦਮ ਦੀ ਜਿੱਥੇ ਪ੍ਰਸ਼ੰਸਾ ਕੀਤੀ ਉੱਥੇ ਇਹ ਵੀ ਉਮੀਦ ਕੀਤੀ ਕਿ ਭਵਿੱਖ ਵਿੱਚ ਉਹ ਹੋਰ ਵੀ ਇਮਾਨਦਾਰੀ ਦ੍ਰਿੜਤਾ ਅਤੇ ਸਮੇਂ ਦੀ ਪਾਬੰਦੀ ਨਾਲ ਕੰਮ ਕਰਨਗੇ ।ਇਹ ਬਿਆਨ ਪੰਜਾਬ ਰਾਜ ਫਾਰਮੇਸੀ ਅਫਸਰ ਐਸੋਸੀਏਸ਼ਨ ਦੇ ਬਲਾਕ ਪ੍ਰਧਾਨ ਮਿਸ ਸਿਮਰਨ ਸਿੰਗਲਾ ਵੱਲੋਂ ਜਾਰੀ ਕੀਤਾ ਗਿਆ। ਤਸਵੀਰ

# ਪਟਿਆਲਾ ਪੁਲੀਸ ਨਾਲ ਮੁਕਾਬਲੇ ’ਚ ਮੁਲਜ਼ਮ ਜ਼ਖ਼ਮੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਪਟਿਆਲਾ-ਸਰਹਿੰਦ ਰੋਡ ’ਤੇ ਸਥਿਤ ਪਿੰਡ ਫੱਗਣਮਾਜਰਾ ਨੇੜੇ ਪੁਲੀਸ ਮੁਕਾਬਲੇ ’ਚ ਮੁਲਜ਼ਮ ਜ਼ਖ਼ਮੀ ਹੋ ਗਿਆ।

ਐੱਸਐੱਸਪੀ ਵਰੁਣ ਸ਼ਰਮਾ ਨੇ ਮੌਕੇ ਦਾ ਜਾਇਜ਼ਾ ਲੈਣ ਮਗਰੋਂ ਪੱਤਰਕਾਰਾਂ ਨਾਲ



ਗੱਲਬਾਤ ਕਰਦਿਆਂ ਕਿਹਾ ਕਿ ਘੜੂਆਂ ਖੇਤਰ ਨਾਲ ਸਬੰਧਿਤ ਪਟਿਆਲਾ ਦੇ ਤ੍ਰਿਪੜੀ ਖੇਤਰ ਵਿੱਚੋਂ ਸਕਾਰਪੀਓ ਖੋਹਣ ਵਾਲਾ ਬਦਮਾਸ਼ ਗੁਰਚਰਨ ਸਿੰਘ ਕਾਲੂ ਅੱਜ ਪਟਿਆਲਾ ਪੁਲੀਸ ਨਾਲ ਮੁੱਠਭੇੜ ਵਿੱਚ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ।

ਐੱਸਐੱਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਮੁਲਜ਼ਮ ਨੇ ਪਹਿਲਾਂ ਪੁਲੀਸ ’ਤੇ 32 ਬੋਰ ਪਿਸਤੌਲ ਨਾਲ ਚਾਰ ਫਾਇਰਬ ਕੀਤੇ ਅਤੇ ਜਵਾਬੀ ਕਾਰਵਾਈ ਦੌਰਾਨ ਮੁਲਜ਼ਮ ਕਾਲੂ ਦੀ ਲੱਤ ਵਿੱਚ ਗੋਲੀ ਲੱਗੀ। ਮੁਲਜ਼ਮ ਖ਼ਿਲਾਫ਼ ਵੱਖ ਵੱਖ ਧਾਰਾਵਾਂ ਤਹਿਤ ਪਹਿਲਾਂ ਵੀ ਅੱਠ ਕੇਸ ਦਰਜ ਹਨ।

# ਡੰਮੀ ਦਾਖਲਿਆਂ ਨੂੰ ਰੋਕਣ ਲਈ ਪੰਜਾਬ ਸਰਕਾਰ ਵੀ ਬਣਾਵੇ ਸਖ਼ਤ ਨੀਤੀਆਂ - ਜੈਕ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਬਠਿੰਡਾ, 13 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ ) ਪਿਛਲੇ ਲੰਮੇ ਸਮੇਂ ਤੋਂ ਸਕੂਲਾਂ ਵਿੱਚ ਡੰਮੀ ਦਾਖਲਿਆਂ ਦਾ ਰੁਝਾਨ ਏਨਾ ਵੱਧ ਗਿਆ ਹੈ ਕਿ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਪੜ੍ਹਾਈ ਉੱਪਰ ਇਸ ਦੇ ਨਾਕਾਰਤਮਿਕ ਪ੍ਰਭਾਵ ਸਦਕਾ ਸਿੱਖਿਆ ਦੇ ਮੂਲ ਉਦੇਸ਼ ਦਾ ਘਾਣ ਹੋ ਰਿਹਾ ਹੈ । ਇਸ ਪ੍ਰਥਾ ਵਿਰੁੱਧ ਸਖ਼ਤ ਕਾਰਵਾਈ ਕਰਦਿਆਂ ਸੈਂਟਰਲ ਬੋਰਡ ਆਫ਼ ਸਕੂਲ ਐਜੂਕੇਸ਼ਨ (ਸੀ.ਬੀ.ਐਸ.ਈ.) ਨੇ ਡੰਮੀ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ 12ਵੀਂ ਦੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਾ ਦੇਣ ਅਤੇ ਡੰਮੀ ਦਾਖਲਾ ਦੇਣ ਵਾਲੇ ਸਕੂਲਾਂ ਦੀ ਮਾਨਤਾ ਰੱਦ ਕਰਨ ਦੀ ਚੇਤਾਵਨੀ ਦਿੱਤੀ ਹੈ। ਜਾਇੰਟ ਐਸੋਸੀਏਸ਼ਨ ਆਫ਼ ਕਾਲਜਿਜ਼, ਪੰਜਾਬ (ਜੈਕ) ਦੇ ਚੇਅਰਮੈਨ ਡਾ.ਗੁਰਮੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਸਿੱਖਿਆ ਸੰਬੰਧੀ ਇਸ ਗੰਭੀਰ ਮਸਲੇ ਵੱਲ ਪੰਜਾਬ ਸਰਕਾਰ ਨੂੰ ਵੀ ਵਿਸ਼ੇਸ਼ ਧਿਆਨ ਦੇਣ ਅਤੇ ਕਾਰਵਾਈ ਕਰਨ ਦੀ ਲੋੜ ਹੈ ਕਿਉਂਕਿ ਰੈਗੂਲਰ ਕਲਾਸਾਂ ਲਗਾਉਣ ਨਾਲ ਅਕਾਦਮਿਕ ਮਾਰਗਦਰਸ਼ਨ ਅਤੇ ਨਿਰੰਤਰ ਮੁਲਾਂਕਣ ਰਾਹੀਂ ਵਿਦਿਆਰਥੀਆਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਮਿਲਦੀ ਹੈ। ਸਹਿ ਅਕਾਦਮਿਕ ਗਤੀਵਿਧੀਆਂ, ਖੇਡਾਂ ਅਤੇ ਸਮੂਹਿਕ ਸਿੱਖਣ ਪ੍ਰਣਾਲੀ ਨਾਲ ਵਿਦਿਆਰਥੀਆਂ ਦਾ ਸਮਾਜਿਕ, ਭਾਵਨਾਮਿਕ ਅਤੇ ਸਰੀਰਕ ਵਿਕਾਸ ਹੁੰਦਾ ਹੈ। ਨਿਯਮਤ ਸਕੂਲ ਜਾਣ ਨਾਲ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਗੁਣ ਪੈਦਾ ਹੁੰਦੇ ਹਨ ਅਤੇ ਸਕੂਲ ਦੇ ਵਿਦਿਅਕ ਮਾਹੌਲ ਨਾਲ ਵਿਦਿਆਰਥੀਆਂ ਨੂੰ ਸਹਿਯੋਗ, ਮਾਰਗਦਰਸ਼ਨ ਅਤੇ ਭਾਵਨਾਤਮਿਕ ਸਮਰਥਨ ਪ੍ਰਦਾਨ ਹੁੰਦਾ ਹੈ ਜਦੋਂ ਕਿ ਡੰਮੀ ਦਾਖ਼ਲੇ ਵਾਲੇ ਵਿਦਿਆਰਥੀ ਸਿੱਖਣ ਦੇ ਜ਼ਰੂਰੀ ਤੱਤਾਂ ਤੋਂ ਦੂਰ ਰਹਿਣ ਨਾਲ ਤਣਾਅ , ਚਿੰਤਾ ਅਤੇ ਅਨੈਤਿਕਤਾ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਉਨ੍ਹਾਂ ਦਾ ਧਿਆਨ ਸਿਰਫ਼ ਪ੍ਰਖਿਆਵਾਂ ਦੇ ਨਤੀਜੇ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਸਿੱਖਿਆ ਦੇ ਅਸਲ ਉਦੇਸ਼ ਨੂੰ ਪੂਰਾ ਕਰਨ ਲਈ ਰੈਗੂਲਰ ਦਾਖ਼ਲੇ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾਵੇ ਅਤੇ ਡੰਮੀ ਦਾਖਲਿਆਂ ਦੀ ਪ੍ਰਥਾ ਨੂੰ ਰੋਕਣ ਲਈ ਸਖ਼ਤ ਨੀਤੀਆਂ ਬਣਾ ਕੇ ਕਾਰਵਾਈ ਕੀਤੀ ਜਾਵੇ। ਡਾ. ਧਾਲੀਵਾਲ ਨੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਸਰਪ੍ਰਸਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਰੈਗੂਲਰ ਪੜ੍ਹਾਈ ਕਰਵਾਉਣ ਵਾਲੇ ਸਕੂਲਾਂ ਵਿੱਚ ਦਾਖ਼ਲ ਕਰਵਾਉਣ ਤਾਂ ਜੋ ਕਿਤਾਬਾਂ ਅਤੇ ਪ੍ਰੀਖਿਆਵਾਂ ਦੇ ਨਾਲ-ਨਾਲ ਵਿਦਿਆਰਥੀਆਂ ਦਾ ਪੂਰਨ ਪਾਲਣ ਪੋਸ਼ਣ ਅਤੇ ਵਿਕਾਸ ਕੀਤਾ ਜਾ ਸਕੇ। ਜੈਕ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਕੇਂਦਰ ਸਰਕਾਰ ਦੀ ਤਰਜ਼ ’ਤੇ ਪੰਜਾਬ ਵਿੱਚ ਡੰਮੀ ਦਾਖਲੇ ਕਰਨ ਵਾਲੇ ਸਕੂਲਾਂ ਨੂੰ ਨੱਥ ਪਾਈ ਜਾਵੇ ਅਤੇ ਅਜਿਹੇ ਸਕੂਲਾਂ ਦੀ ਮਾਨਤਾ ਤੁਰੰਤ ਪ੍ਰਭਾਵ ਨਾਲ ਰੱਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਡੰਮੀ ਦਾਖਲੇ ਵਾਲੇ ਇੱਕ-ਇੱਕ ਵਿਦਿਆਰਥੀ ਦੀ ਪਹਿਚਾਣ ਕਰਨ ਲਈ ਸਿੱਖਿਆ ਵਿਭਾਗ ਵੱਲੋਂ ਜਲਦੀ ਕਾਰਵਾਈ ਸ਼ੁਰੂ ਕੀਤੀ ਜਾਵੇ ਜਿਸ ਲਈ ਅਸੀਂ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਲਈ ਤਿਆਰ ਹਾਂ। ਜੈਕ ਦੇ ਜਰਨਲ ਸਕੱਤਰ ਸੁਖਮੰਦਰ ਸਿੰਘ ਚੱਠਾ ਨੇ ਕਿਹਾ ਕਿ ਡੰਮੀ ਦਾਖਲੇ ਕਰਨ ਵਾਲੇ ਸਕੂਲਾਂ ਦੇ ਪ੍ਰਬੰਧਕ ਮੋਟੀਆਂ ਫੀਸਾਂ ਵਸੂਲ ਕੇ ਮਾਲੋ ਮਾਲ ਹੋ ਰਹੇ ਹਨ ਅਤੇ ਛੋਟੀ ਉਮਰ ਦੇ ਬੱਚਿਆਂ ਵਿੱਚ ਟਿਊਸ਼ਨ ਕਲਚਰ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ ਜਿਸ ਸਦਕਾ ਅਜਿਹੇ ਸਕੂਲਾਂ, ਟਿਊਸ਼ਨ ਸੈਂਟਰਾਂ ਜਾਂ ਟਿਊਸ਼ਨ ਪੜ੍ਹਾਉਣ ਵਾਲਿਆਂ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਦੀ ਅੰਨ੍ਹੀ ਲੁੱਟ ਕੀਤੀ ਜਾ ਰਹੀ ਹੈ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਅਜਿਹੇ ਲੋਟੂਆਂ ਖਿਲਾਫ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਸਮੂਹ ਪ੍ਰਾਈਵੇਟ ਸਕੂਲਾਂ ਦਾ ਸਮਾਂ ਸਰਕਾਰੀ ਸਕੂਲਾਂ ਦੀ ਤਰਜ਼ ’ਤੇ ਘੱਟ-ਤੋਂ-ਘੱਟ 5-6 ਘੰਟੇ ਹੋਣਾ ਚਾਹੀਦਾ ਹੈ। ਬਾਬਾ ਫ਼ਰੀਦ ਸੀਨੀਅਰ ਸੈਕਡਰੀ ਸਕੂਲ,ਬਠਿੰਡਾ ਦੇ ਪ੍ਰਿੰਸੀਪਲ ਡਾ.ਬਲਜਿੰਦਰ ਸਿੰਘ ਨਾਲ ਡੰਮੀ ਦਾਖਲਿਆਂ ਦੇ ਗੰਭੀਰ ਮਸਲੇ ਸੰਬੰਧੀ ਕੀਤੀ ਗੱਲਬਾਤ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਡੰਮੀ ਦਾਖਲੇ ਨਾ ਕਰਨ ਵਾਲੇ ਸਕੂਲਾਂ ਨੂੰ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਕਿਉਂਕਿ ਅਜਿਹੇ ਸਕੂਲ ਸਿੱਖਿਆ ਨੂੰ ਸਿਰਫ਼ ਕਿਤਾਬਾਂ ਤੱਕ ਸੀਮਤ ਨਹੀਂ ਰੱਖਦੇ ਸਗੋਂ ਹਰ ਵਿਦਿਆਰਥੀਆਂ ਨੂੰ ਦੇਸ਼ ਦੇ ਬਿਹਤਰ ਨਾਗਰਿਕ ਬਣਾ ਕੇ ਚੰਗੇ ਸਮਾਜ ਦੀ ਸਿਰਜਣਾ ਕਰਦੇ ਹਨ ਤਾਂ ਜੋ ਹਰ ਵਿਦਿਆਰਥੀ ਸਿੱਖਿਆ ਦੀ ਅਸਲ ਆਤਮਾ ਨੂੰ ਅਨੁਭਵ ਕਰੇ। ਉਨ੍ਹਾਂ ਨੇ ਦੱਸਿਆ ਕਿ ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਇਲਾਕੇ ਦਾ ਟਿਊਸ਼ਨ ਕਲਚਰ ਤੋਂ ਰਹਿਤ ਇੱਕੋ ਇੱਕ ਅਜਿਹਾ ਸਕੂਲ ਹੈ ਜਿਸ ਨੇ ਆਪਣੀ ਸਥਾਪਤੀ ਦੇ ਸਮੇਂ (1993) ਤੋਂ ਅੱਜ ਤੱਕ ਇੱਕ ਵੀ ਡੰਮੀ ਦਾਖਲਾ ਨਹੀਂ ਕੀਤਾ ਅਤੇ ਇਥੇ ਪੜ੍ਹਨ ਵਾਲੇ ਵਿਦਿਆਰਥੀ ਸਮਾਜ ਦੇ ਹਰ ਖੇਤਰ ਵਿੱਚ ਮੱਲ੍ਹਾਂ ਮਾਰ ਕੇ ਚੰਗੇ ਭਵਿੱਖ ਨੂੰ ਸਾਕਾਰ ਕਰ ਰਹੇ ਹਨ।

# ਵੱਖ-ਵੱਖ ਸਿਹਤ ਤੇ ਤੰਦਰਸੁਤੀ ਕੇਂਦਰਾਂ ਅਧੀਨ ਮਮਤਾ ਦਿਵਸ ਮਨਾਇਆ ਗਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਚਮਕੌਰ ਸਾਹਿਬ 14 ਮਈ (ਹਰਦਿਆਲ ਸਿੰਘ ਸੰਧੂ) ਡਾ.ਸਵਪਨਜੀਤ ਕੌਰ ਕਾਰਜਕਾਰੀ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੋਰ ਸਾਹਿਬ ਦੀ ਅਗਵਾਈ ਹੇਠ ਬਲਾਕ ਚਮਕੌਰ ਸਾਹਿਬ ਅਧੀਨ ਵੱਖ-ਵੱਖ ਪਿੰਡਾਂ ਵਿੱਚ ਮਮਤਾ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਡਾ.ਗੋਬਿੰਦ ਟੰਡਨ ਨੇ ਕਿਹਾ ਕਿ ਮਮਤਾ ਦਿਵਸ ਦਾ ਮੁੱਖ ਟੀਚਾ ਬੱਚਿਆਂ ਨੂੰ



ਮਾਰੂ ਰੋਗਾਂ ਪੋਲੀਓ, ਕਾਲੀ ਖਾਂਸੀ, ਟੀ.ਬੀ, ਨਮੂਨੀਆ, ਖਸਰਾ, ਰੁਬੇਲਾ, ਅੰਧਰਾਤਾ, ਹੈਪੇਟਾਈਟਸ ਬੀ, ਦਿਮਾਗੀ ਬੁਖਾਰ, ਗਲਘੋਟੂ ਅਤੇ ਟੈਟਨਸ ਤੋਂ ਬਚਾਅ ਦੇ ਟੀਕੇ ਲਗਾਉਣਾ ਹੈ ਅਤੇ ਗਰਭਵਤੀ ਮਹਿਲਾਂਵਾ ਨੂੰ ਸੰਤੁਲਿਤ ਖੁਰਾਕ ਸਬੰਧੀ ਜਾਗਰੂਕ ਕਰਨਾ ਹੈ। ਬੱਚੇ ਨੂੰ ਇੰਨਫੈਕਸ਼ਨ ਤੋਂ ਦੂਰ ਰੱਖਣ ਲਈ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋ ਕੇ ਸਾਫ ਕਰਿਆ ਜਾਵੇ ਫਿਰ ਬੱਚੇ ਨੂੰ ਚੁੱਕਿਆ ਜਾਵੇ। ਉਨ੍ਹਾਂ ਕਿਹਾ ਕਿ ਗਰਭ ਦੌਰਾਨ ਮਹਿਲਾਂਵਾ ਨੂੰ ਆਪਣਾ ਟੀਕਾਕਰਨ ਸਮੇਂ ਸਿਰ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਏ.ਐਨ.ਐਮਜ਼ ਨੂੰ ਕਿਹਾ ਕਿ ਏ.ਈ.ਐਫ.ਆਈ ਅਤੇ ਸ਼ੱਕੀ ਮੀਜ਼ਲ ਕੇਸ ਰਿਪੋਰਟ ਕੀਤੇ ਜਾਣ ਤੇ ਇਸ ਦਾ ਰਿਕਾਰਡ ਰਜਿਸਟਰ ਵਿੱਚ ਰੱਖਿਆ ਜਾਵੇ। ਟੀਕਾਕਰਨ ਪ੍ਰੋਗਰਾਮ ਅਧੀਨ ਮਿਥੇ ਗਏ ਟੀਚਿਆਂ ਦੀ ਪ੍ਰਾਪਤੀ ਕੀਤੀ ਜਾਵੇ। ਕੌਮੀ ਟੀਕਾਕਰਨ ਪ੍ਰੋਗਰਾਮ ਅਧੀਨ 0 ਤੋਂ 5 ਸਾਲ ਤੱਕ ਦੇ ਬੱਚਿਆਂ ਅਤੇ ਗਰਭਵਤੀ ਮਹਿਲਾਂਵਾ ਦਾ ਟੀਕਾਕਰਨ 100% ਕਰਨਾ ਜਰੂਰੀ ਹੈ ਤਾਂ ਜੋ ਬੱਚਿਆਂ ਨੂੰ ਮਾਰੂ ਰੋਗਾਂ ਅਤੇ ਗਰਭਵਤੀ ਮਹਿਲਾਂਵਾ ਨੂੰ ਟੈਟਨਸ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਬੱਚੇ ਨੂੰ ਪਹਿਲੇ 6 ਮਹੀਨੇ ਕੇਵਲ ਮਾਂ ਦਾ ਦੁੱਧ ਹੀ ਪਿਲਾਇਆ ਜਾਵੇ ਅਤੇ ਬੋਤਲ ਰਾਂਹੀ ਦੁੱਧ ਨਾ ਪਿਲਾਇਆ ਜਾਵੇ। ਇਸ ਮੌਕੇ ਤੇ ਸਮੂਹ ਸੀ.ਐਚ.ਓਜ਼,ਸਮੂਹ ਏ.ਐਨ.ਐਮਜ਼,ਸਮੂਹ ਹੈਲਥ ਵਰਕਰਜ਼ ਅਤੇ ਸਮੂਹ ਆਸ਼ਾ ਵਰਕਰਜ਼ ਹਾਜਰ ਸਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

# ਸਦੀ ਦੌਰਾਨ ਲੜੇ ਗਏ ਯੁੱਧ ਬਨਾਮ ਮਨੁੱਖਤਾ ਦਾ ਘਾਣ

ਜਗਤਾਰ ਲਾਡੀ ਮਾਨਸਾ
9463603091



ਇਤਿਹਾਸ ਗਵਾਹ ਹੈ ਕਿ ਜੰਗਾਂ ਨੇ ਮਨੁੱਖਤਾ ਨੂੰ ਹਮੇਸ਼ਾਂ ਹੀ ਗਹਿਰੀ ਚੋਟ ਪਹੁੰਚਾਈ ਹੈ। ਪਿਛਲੇ ਸਵਾ ਸੌ ਸਾਲਾਂ (1900 ਤੋਂ ਲੈ ਕੇ 2025 ਤੱਕ) ਦੇ ਅੰਦਰ ਦੁਨੀਆ ਨੇ ਦੋ ਵਿਸ਼ਵ ਯੁੱਧਾਂ ਦੇ ਨਾਲ ਨਾਲ ਕਈ ਖੂਨੀ ਖੇਤਰੀ ਜੰਗਾਂ, ਢਹਿ ਰਹੀਆਂ ਸਰਕਾਰਾਂ ਦੇ ਵਿਰੋਧ, ਆਤੰਕਵਾਦੀ ਹਮਲਿਆਂ ਅਤੇ ਨਾਗਰਿਕ ਗ੍ਰਹਿ-ਯੁੱਧਾਂ ਦਾ ਸਾਹਮਣਾ ਕੀਤਾ ਹੈ। ਜੇਕਰ ਅਸੀਂ ਅਜਿਹੀਆਂ ਹੀ ਕਈ ਵੱਡੀਆਂ ਜੰਗਾਂ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕਰੀਏ ਜੋ ਇਨਸਾਨੀ ਇਤਿਹਾਸ ਦੇ ਪੰਨਿਆਂ 'ਤੇ ਲਹੂ ਨਾਲ ਲਿਖੀਆਂ ਗਈਆਂ ਹਨ ਤਾਂ ਇਹਨਾਂ ਦੀ ਗਿਣਤੀ ਕਾਫੀ ਹੋ ਜਾਂਦੀ ਹੈ। ਜਿਹਨਾਂ ਨੇ ਨਾ ਕੇਵਲ ਜਾਨੀ ਨੁਕਸਾਨ ਕੀਤੇ ਬਲਕਿ ਮਾਲੀ ਨੁਕਸਾਨ ਦੇ ਤੌਰ ਤੇ ਵੀ ਦੇਸ਼ਾਂ ਦੇ ਲੱਕ ਤੋੜ ਕੇ ਰੱਖ ਦਿੱਤੇ। ਬਹੁਤ ਦੇਸ਼ ਤਾਂ ਮੁੜ ਖੜ੍ਹੇ ਹੀ ਨਹੀਂ ਹੋ ਸਕੇ। ਇਹਨਾਂ ਵਿੱਚ ਕੁਝ ਜੰਗਾਂ ਤਾਂ ਵਿਸ਼ਵ ਪੱਧਰ ਤੇ ਲੜੀਆਂ ਗਈਆਂ। ਜਿਸ ਵਿੱਚ ਇਹ ਕਹਿ ਸਕਦੇ ਹਾਂ ਕਿ ਦੁਨੀਆਂ ਦੇ ਹਿੱਸਿਆਂ ਵਿਚ ਵੰਡੀ ਗਈ।

## ਪਹਿਲਾ ਵਿਸ਼ਵ ਯੁੱਧ (1914–1918) ਤੱਕ ਹੋਇਆ।

ਪਹਿਲਾ ਵਿਸ਼ਵ ਯੁੱਧ 28 ਜੂਨ 1914 ਨੂੰ ਆਸਟਰੀਆ-ਹੰਗਰੀ ਦੇ ਆਰਚਡਿਊਕ ਫਰਡਿਨੈਂਡ ਦੀ ਸਰਾਏਵੋ ਵਿੱਚ ਹੋਈ ਹੱਤਿਆ ਤੋਂ ਬਾਅਦ ਸ਼ੁਰੂ ਹੋਇਆ। ਇਹ ਯੁੱਧ ਮੁੱਖ ਤੌਰ 'ਤੇ ਕੇਂਦਰੀ ਤਾਕਤਾਂ (ਆਸਟਰੀਆ-ਹੰਗਰੀ, ਜਰਮਨੀ, ਓਟੋਮਨ ਸਾਮਰਾਜ) ਅਤੇ ਸਹਿਯੋਗੀ ਤਾਕਤਾਂ (ਫਰਾਂਸ, ਰੂਸ, ਬ੍ਰਿਟੇਨ, ਇਟਲੀ, ਅਮਰੀਕਾ ਆਦਿ) ਵਿਚਕਾਰ ਹੋਇਆ।ਇਸ ਦੇ ਨਤੀਜਿਆਂ ਦੀ ਗੱਲ ਕਰੀਏ ਤਾਂ 40 ਲੱਖ ਦੇ ਕਰੀਬ ਲੋਕ ਮਾਰੇ ਗਏ। ਯੂਰਪ ਦੀ ਆਰਥਿਕਤਾ ਤਬਾਹ ਹੋ ਗਈ। ਜਰਮਨੀ ਤੇ ਟ੍ਰੀਟੀ ਆਫ ਵਰਸਾਈਲ ਥੋਪ ਦਿੱਤੀ ਗਈ। ਇਹ ਯੁੱਧ ਹੀ ਦੂਜੇ ਵਿਸ਼ਵ ਯੁੱਧ ਦੀ ਜੜ੍ਹ ਬਣਿਆ।

## ਦੂਜਾ ਵਿਸ਼ਵ ਯੁੱਧ (1939–1945) ਤੱਕ ਹੋਇਆ।

ਦੂਜਾ ਵਿਸ਼ਵ ਯੁੱਧ 1 ਸਤੰਬਰ 1939 ਨੂੰ ਸ਼ੁਰੂ ਹੋਇਆ, ਜਦੋਂ ਜਰਮਨੀ ਨੇ ਪੋਲੈਂਡ 'ਤੇ ਚੜ੍ਹਾਈ ਕੀਤੀ। ਇਸ ਦੇ ਨੇਤਾ ਐਡੋਲਫ ਹਿਟਲਰ ਦੀ ਵਿਚਾਰਧਾਰਾ ਅਤੇ ਆਕਰਮਣਕ ਨੀਤੀਆਂ ਨੇ ਯਹੂਦੀਆਂ, ਸਲਾਵਿਕ ਲੋਕਾਂ ਅਤੇ ਹੋਰ ਅਲਪਸੰਖਿਆਕਾਂ ਵਿਰੁੱਧ ਵੱਡੇ ਅਤਿਆਚਾਰ ਕੀਤੇ। ਇਹ ਯੁੱਧ ਜਰਮਨੀ, ਇਟਲੀ ਅਤੇ ਜਪਾਨ (ਐਕਸਿਸ ਤਾਕਤਾਂ) ਅਤੇ ਇੰਗਲੈਂਡ, ਸੋਵੀਅਤ ਯੂਨੀਅਨ, ਅਮਰੀਕਾ (ਐਲਾਈਡ ਤਾਕਤਾਂ) ਵਿਚਕਾਰ ਹੋਇਆ।

ਇਸ ਦੇ ਨਤੀਜੇ ਵੀ ਬਹੁਤ ਭਿਆਨਕ ਨਿਕਲੇ।ਕਰੀਬ 7 ਕਰੋੜ ਲੋਕ ਮਾਰੇ ਗਏ। ਜਰਮਨੀ ਅਤੇ ਜਪਾਨ ਦੀ ਹਾਰ ਹੋਈ। ਅਮਰੀਕਾ ਨੇ ਜਪਾਨ ਦੇ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਲਿਟਲ ਬੁਆਏ ਤੇ ਫੈਟ ਮੈਨ ਨਾਮੀ ਪ੍ਰਮਾਣੂ ਐਟਮੀ ਹਮਲੇ ਕੀਤੇ। ਇਸ ਵਿੱਚ ਵੱਡੀ ਗਿਣਤੀ ਵਿਚ ਲੋਕ ਮਰ ਗਏ ਜਾਂ ਨਕਾਰਾ ਹੋ ਗਏ।ਹੁਣ ਵੀ ਬੱਚੇ ਅਪਾਹਿਜ ਪੈਦਾ ਹੋ ਰਹੇ ਹਨ। ਭਾਵੇਂ ਅੱਗੇ ਤੋਂ ਇਹ ਕੁਝ ਨਾ ਹੋਵੇ ਸੰਯੁਕਤ ਰਾਸ਼ਟਰ ਦੀ ਸਥਾਪਨਾ ਹੋਈ।

ਕੋਰੀਆ ਯੁੱਧ 25 ਜੂਨ 1950 ਨੂੰ ਸ਼ੁਰੂ ਹੋਇਆ ਜਦੋਂ ਉੱਤਰੀ ਕੋਰੀਆ ਨੇ ਅਚਾਨਕ ਦੱਖਣੀ ਕੋਰੀਆ 'ਤੇ ਹਮਲਾ ਕਰ ਦਿੱਤਾ। ਇਹ ਯੁੱਧ ਕੋਰੀਆ ਦੇ ਦੋ ਹਿੱਸਿਆਂ—ਉੱਤਰੀ ਕੋਰੀਆ (ਜੋ ਸੋਵੀਅਤ ਸੰਘ ਅਤੇ ਚੀਨ ਵੱਲੋਂ ਸਮਰਥਿਤ ਸੀ) ਅਤੇ ਦੱਖਣੀ ਕੋਰੀਆ (ਜਿਸ ਨੂੰ ਅਮਰੀਕਾ ਅਤੇ ਸੰਯੁਕਤ ਰਾਸ਼ਟਰ ਦਾ ਸਮਰਥਨ ਸੀ)—ਵਿਚਕਾਰ ਲੜਿਆ ਗਿਆ।



ਯੁੱਧ ਦੌਰਾਨ ਲੱਖਾਂ ਲੋਕ ਮਾਰੇ ਗਏ, ਜਿਨ੍ਹਾਂ ਵਿੱਚ ਫੌਜੀ ਵੀ ਸਨ ਤੇ ਆਮ ਨਾਗਰਿਕ ਵੀ। ਇਹ ਯੁੱਧ ਤਿੰਨ ਸਾਲ ਤਕ ਚੱਲਿਆ ਅਤੇ 27 ਜੁਲਾਈ 1953 ਨੂੰ ਇਕ ਵਿਅਕਤੀਗਤ ਵਿਰਾਮ ਸਮਝੌਤੇ ਨਾਲ ਖਤਮ ਹੋਇਆ, ਪਰ ਅੱਜ ਤੱਕ ਉੱਤਰੀ ਅਤੇ ਦੱਖਣੀ ਕੋਰੀਆ ਵਿਚਕਾਰ ਕੋਈ ਅਧਿਕਾਰਕ ਸੰਧੀ ਨਹੀਂ ਹੋਈ।

ਇਹ ਯੁੱਧ "ਠੰਡੀ ਲੜਾਈ" (Cold War) ਦਾ ਇੱਕ ਅਹੰਕਾਰਪੂਰਕ ਪਹਿਲੂ ਸੀ ਜਿਸ ਵਿੱਚ ਅਮਰੀਕਾ ਅਤੇ ਸੋਵੀਅਤ ਸੰਘ ਨੇ ਅਪਣੇ-ਅਪਣੇ ਵਿਚਾਰਧਾਰਾਵਾਂ ਲਈ ਮੁਕਾਬਲਾ ਕੀਤਾ। ਕੋਰੀਆ ਯੁੱਧ ਨੇ ਵਿਸ਼ਵ ਭਰ ਵਿੱਚ ਰਾਜਨੀਤਿਕ, ਫੌਜੀ ਅਤੇ ਮਨੁੱਖੀ ਪ੍ਰਭਾਵ ਛੱਡੇ।

ਇਸ ਯੁੱਧ ਨੇ ਕੋਰੀਆ ਨੂੰ ਸਦੀਆਂ ਲਈ ਵੰਡ ਦਿੱਤਾ। ਦੱਖਣੀ ਕੋਰੀਆ ਆਧੁਨਿਕਤਾ ਅਤੇ ਲੋਕਤੰਤਰ ਵੱਲ ਵਧੀ, ਜਦਕਿ ਉੱਤਰੀ ਕੋਰੀਆ ਇਕ ਤਾਨਾਸ਼ਾਹੀ ਸ਼ਾਸਨ ਹੇਠ ਆ ਗਿਆ।

ਕੋਰੀਆ ਯੁੱਧ ਸਾਨੂੰ ਇਹ ਸਿੱਖ ਦਿੰਦਾ ਹੈ ਕਿ ਵਿਦੇਸ਼ੀ ਰਾਜਨੀਤਕ ਦਖਲਅੰਦਾਜ਼ੀ ਅਤੇ ਵੰਡ ਦੀ ਰਾਜਨੀਤੀ ਕਿਸੇ ਦੇਸ਼ ਦੀ ਅਜਾਦੀ, ਵਿਕਾਸ ਅਤੇ ਮਾਨਵਤਾ 'ਤੇ ਕਿੰਨਾ ਭਾਰੀ ਪੈ ਸਕਦੀ ਹੈ।

ਵਿਯਤਨਾਮ ਯੁੱਧ 1955 ਤੋਂ 1975 ਤੱਕ ਲੜਿਆ ਗਿਆ। ਇਹ ਯੁੱਧ ਉੱਤਰੀ ਵਿਯਤਨਾਮ (ਜੋ ਕਮਿਊਨਿਸਟ ਸੀ) ਅਤੇ ਦੱਖਣੀ ਵਿਯਤਨਾਮ (ਜਿਸ ਨੂੰ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਨੇ ਸਮਰਥਨ ਦਿੱਤਾ) ਦੇ ਵਿਚਕਾਰ ਹੋਇਆ।

ਉੱਤਰੀ ਵਿਯਤਨਾਮ ਨੂੰ ਸੋਵੀਅਤ ਸੰਘ ਅਤੇ ਚੀਨ ਦੀ ਮਦਦ ਮਿਲੀ। ਅਮਰੀਕਾ ਨੇ ਕਮਿਊਨਿਜ਼ਮ ਦੇ ਫੈਲਾਅ ਨੂੰ ਰੋਕਣ ਲਈ ਲੱਖਾਂ ਸੈਨਿਕ ਵਿਯਤਨਾਮ ਭੇਜੇ। ਇਹ ਯੁੱਧ ਬਹੁਤ ਹੀ ਖੂਨੀ ਸਾਬਤ ਹੋਇਆ, ਜਿਸ ਵਿੱਚ ਲੱਖਾਂ ਲੋਕ ਮਾਰੇ ਗਏ।

ਇਹ ਯੁੱਧ ਅਮਰੀਕਾ ਲਈ ਨਾਕਾਮੀ ਸਾਬਤ ਹੋਇਆ ਅਤੇ ਦੁਨੀਆ ਭਰ ਵਿੱਚ ਅਮਨ, ਸਵੈ-ਨਿਰਣੈ ਅਤੇ ਰਾਜਨੀਤਕ ਦਖਲਅੰਦਾਜ਼ੀ ਬਾਰੇ ਵੱਡੇ ਸਵਾਲ ਖੜ੍ਹੇ ਕਰ ਗਿਆ।

## ਅਰਬ-ਇਜ਼ਰਾਈਲ ਯੁੱਧ (1948

1948 ਵਿੱਚ ਇਜ਼ਰਾਈਲ ਦੀ ਸਥਾਪਨਾ ਤੋਂ ਬਾਅਦ ਕਈ ਵਾਰੀ ਅਰਬ ਦੇਸ਼ਾਂ ਨਾਲ ਯੁੱਧ ਹੋਏ। 1967 ਦਾ "ਸਿਕਸ ਡੇ ਵਾਰ" ਅਤੇ 1973 ਦਾ "ਯੋਮ ਕਿਪੁਰ ਵਾਰ" ਵਿਸ਼ੇਸ਼ ਤੌਰ 'ਤੇ ਯਾਦਗਾਰ ਹਨ। ਪੈਲੇਸਟਾਈਨੀ ਇਲਾਕਿਆਂ ਦੀ ਹਾਲਤ ਅੱਜ ਵੀ ਸੰਵੇਦਨਸ਼ੀਲ ਹੈ।

ਅਫਗਾਨਿਸਤਾਨ ਵਿੱਚ ਵੱਡੇ ਪੱਧਰ 'ਤੇ ਦੋ ਮੁੱਖ ਯੁੱਧ ਹੋਏ। ਪਹਿਲਾ ਯੁੱਧ 1979 ਵਿੱਚ ਸੋਵੀਅਤ ਸੰਘ ਦੀ ਅਫਗਾਨਿਸਤਾਨ 'ਚ ਦਾਖ਼ਲੇ ਨਾਲ ਸ਼ੁਰੂ ਹੋਇਆ, ਜੋ 1989 ਤੱਕ ਚੱਲਿਆ। ਇਸ ਦੌਰਾਨ ਅਮਰੀਕਾ ਨੇ ਮੁਜਾਹਿਦੀਨ ਲੜਾਕਿਆਂ ਨੂੰ ਹਥਿਆਰ ਦਿੱਤੇ।

ਦੂਜਾ ਮਹੱਤਵਪੂਰਨ ਯੁੱਧ 2001 ਵਿੱਚ 9/11 ਦੇ ਹਮਲਿਆਂ ਤੋਂ ਬਾਅਦ ਅਮਰੀਕਾ ਵੱਲੋਂ ਤਾਲਿਬਾਨ ਖ਼ਿਲਾਫ਼ ਸ਼ੁਰੂ ਹੋਇਆ, ਜੋ ਕਿ ਅਲ ਕਾਇਦਾ ਨੂੰ ਸਹਾਰਾ ਦੇ ਰਹੇ ਸਨ।

ਇਹ ਯੁੱਧ 2021 ਵਿੱਚ ਅਮਰੀਕੀ ਫੌਜਾਂ ਦੀ ਵਾਪਸੀ ਨਾਲ ਖਤਮ ਹੋਇਆ, ਪਰ ਤਾਲਿਬਾਨ ਮੁੜ ਸੱਤਾ 'ਤੇ ਆ ਗਏ।

ਅਫਗਾਨ ਯੁੱਧਾਂ ਨੇ ਦੇਸ਼ ਨੂੰ ਤਬਾਹ ਕਰ ਦਿੱਤਾ, ਲੱਖਾਂ ਲੋਕ ਮਾਰੇ ਗਏ ਅਤੇ ਕਰੋੜਾਂ ਨੂੰ ਘਰ ਛੱਡਣੇ ਪਏ। ਇਹ ਯੁੱਧ ਵਿਦੇਸ਼ੀ ਦਖਲਅੰਦਾਜ਼ੀ, ਧਾਰਮਿਕ ਅੱਤਵਾਦ ਅਤੇ ਆਮ ਲੋਕਾਂ ਦੀ ਤਬਾਹੀ ਦਾ ਮੂਲ ਚਿੰਤਨ ਵਿਸ਼ਾ ਬਣਿਆ।

ਅਰਮੇਨੀਆ-ਅਜ਼ਰਬੈਜਾਨ ਨਗੋਰਨੋ-ਕਾਰਾਬਾਖ਼ ਵਿਵਾਦ (2020, 2023): ਦੋਵਾਂ ਦੇਸ਼ਾਂ ਵਿਚਕਾਰ ਘਾਤਕ ਸੰਘਰਸ਼।

ਯੂਕਰੇਨ ਅਤੇ ਰੂਸ ਵਿਚਕਾਰ ਯੁੱਧ 24 ਫਰਵਰੀ 2022 ਨੂੰ ਸ਼ੁਰੂ ਹੋਇਆ ਜਦੋਂ ਰੂਸ ਨੇ ਯੂਕਰੇਨ 'ਤੇ ਪੂਰਨ ਹਮਲਾ ਕਰ ਦਿੱਤਾ। ਰੂਸ ਨੇ ਦਾਅਵਾ ਕੀਤਾ ਕਿ ਉਹ ਆਪਣੀ ਸੁਰੱਖਿਆ ਲਈ ਕਾਰਵਾਈ ਕਰ ਰਿਹਾ ਹੈ, ਪਰ ਵਿਸ਼ਵ ਨੇ ਇਸਨੂੰ ਇਕ ਅਣਉਕਸਾਇਆ ਆਕਰਮਣ ਕਰਾਰ ਦਿੱਤਾ।

ਯੂਕਰੇਨ ਨੇ ਜਾਂਬਾਜ਼ੀ ਨਾਲ ਵਿਰੋਧ ਕੀਤਾ ਅਤੇ ਸੰਯੁਕਤ ਰਾਸ਼ਟਰ, ਅਮਰੀਕਾ, ਯੂਰਪੀ ਸੰਘ ਤੇ ਹੋਰ ਦੇਸ਼ਾਂ ਨੇ ਉਸਦੀ ਸਹਾਇਤਾ ਕੀਤੀ।

ਇਸ ਯੁੱਧ ਨੇ ਲੱਖਾਂ ਲੋਕਾਂ ਦੀ ਜਾਨ ਲੈ ਲਈ, ਕਰੋੜਾਂ ਲੋਕ ਘਰੋਂ ਬੇਘਰ ਹੋ ਗਏ ਅਤੇ ਵਿਸ਼ਵ ਆਰਥਿਕਤਾ ਤੇ ਅੰਤਰਰਾਸ਼ਟਰੀ ਸੁਰੱਖਿਆ 'ਤੇ ਵੀ ਭਾਰੀ ਅਸਰ ਪਾਇਆ।

ਇਹ ਸੰਘਰਸ਼ ਸਿਰਫ਼ ਜ਼ਮੀਨ ਦੀ ਲੜਾਈ ਨਹੀਂ, ਸਗੋਂ ਲੋਕਤੰਤਰ ਅਤੇ ਤਾਨਾਸ਼ਾਹੀ ਵਿਚਕਾਰ ਟਕਰਾਅ ਵੀ ਹੈ।

ਯੁੱਧ ਅਜੇ ਵੀ ਜਾਰੀ ਹੈ ਅਤੇ ਅਮਨ ਦੀ ਭਾਲ ਜਾਰੀ ਹੈ।

ਭਾਰਤ ਨੂੰ ਵੀ ਗੁਆਂਢੀ ਮੁਲਕਾਂ ਨਾਲ ਸਰਹੱਦੀ ਤੇ ਅੱਤਵਾਦ ਦੇ ਮਸਲਿਆਂ ਤੇ ਯੁੱਧ ਲੜਨੇ ਪਏ ਹਨ। ਇਹਨਾਂ ਯੁੱਧਾਂ ਵਿੱਚ ਕਾਫੀ ਨੁਕਸਾਨ ਹੋਇਆ ਹੈ।

### ਪਾਕਿਸਤਾਨ ਨਾਲ:

1947, 1965, 1971 ਅਤੇ 1999 ਤੇ 2025ਵਿੱਚ ਯੁੱਧ ਹੋਏ। 1947 ਅਤੇ 1965 ਦੇ ਯੁੱਧ ਕਸ਼ਮੀਰ ਦੇ ਮੁੱਦੇ ਕਰਕੇ ਹੋਏ। 1971 ਵਿੱਚ ਬੰਗਲਾਦੇਸ਼ ਦੀ ਆਜ਼ਾਦੀ ਲਈ ਭਾਰਤ ਨੇ ਹਿਸਾ ਲਿਆ, ਜਿਸ ਨਾਲ ਪਾਕਿਸਤਾਨ ਹਾਰ ਗਿਆ। 1999 ਵਿੱਚ ਕਾਰਗਿਲ 'ਚ ਪਾਕਿਸਤਾਨੀ ਫੌਜ ਨੇ ਗੁਪਤ ਤਰੀਕੇ ਨਾਲ ਘੁੱਸਪੈਠ ਕੀਤੀ, ਜਿਸ ਦਾ ਭਾਰਤ ਨੇ ਮੂਲ ਤੌਰ 'ਤੇ ਜਵਾਬ ਦਿੱਤਾ।

### ਚੀਨ ਨਾਲ:

1962 ਵਿੱਚ ਭਾਰਤ-ਚੀਨ ਯੁੱਧ ਲੱਦਾਖ ਅਤੇ ਅਰੁਣਾਚਲ ਪ੍ਰਦੇਸ਼ ਦੇ ਸਰਹੱਦੀ ਝਗੜਿਆਂ ਕਰਕੇ ਹੋਇਆ। ਭਾਰਤ ਨੂੰ ਹਾਰ ਹੋਈ। 2020 ਵਿੱਚ ਗਲਵਾਨ ਘਾਟੀ 'ਚ ਟਕਰਾਅ ਹੋਇਆ, ਜਿਸ ਵਿੱਚ ਦੋਵੇਂ ਪਾਸਿਆਂ ਦੇ ਸੈਨਿਕ ਮਾਰੇ ਗਏ।

ਇਹ ਯੁੱਧ ਭਾਰਤ ਦੀ ਰਾਜਨੀਤਿਕ, ਫੌਜੀ ਤੇ ਰਣਨੀਤਿਕ ਨੀਤੀਆਂ ਉੱਤੇ ਡੂੰਘਾ ਅਸਰ ਛੱਡ ਗਏ।

ਅੰਤ ਵਿੱਚ ਜੇਕਰ ਨਤੀਜੇ ਦੀ ਗੱਲ ਕਰੀਏ ਤਾਂ ਜੰਗਾਂ ਨੇ ਇਨਸਾਨੀਅਤਾ ਨੂੰ ਹਮੇਸ਼ਾਂ ਹੀ ਅੰਧਕਾਰ ਵੱਲ ਧੱਕਿਆ ਹੈ। ਹਾਲਾਂਕਿ ਕੁਝ ਜੰਗਾਂ ਨੇ ਦੁਖਾਂ ਦੇ ਪਹਾੜ ਤੇ ਮਾਈਗ੍ਰੇਸ਼ਨ ਵੀ ਪੈਦਾ ਕਰ ਦਿੱਤੀ ਹੈ, ਪਰ ਬਹੁਤੇ ਯੁੱਧ ਸਿਰਫ਼ ਰਾਜਨੀਤਕ ਅਹੰਕਾਰ, ਧਾਰਮਿਕ ਫ਼ਰਕ ਅਤੇ ਫੋਕੀ ਫੂੰ- ਫਾਂਅ ਦੇ ਨਤੀਜੇ ਸਨ। ਅੱਜ ਜਦੋਂ ਦੁਨੀਆਂ ਐਟਮੀ ਹਥਿਆਰਾਂ ਨਾਲ ਲੈਸ ਹੈ, ਜੰਗ ਦਾ ਅਰਥ ਪੂਰੀ ਧਰਤੀ ਦੀ ਤਬਾਹੀ ਹੋ ਸਕਦਾ ਹੈ। ਇਸ ਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਅਸੀਂ ਇਤਿਹਾਸ ਤੋਂ ਸਿੱਖੀਏ, ਸੰਵਾਦ ਨੂੰ ਤਰਜੀਹ ਦਈਏ, ਅਤੇ ਜੰਗਾਂ ਦੀ ਜਗ੍ਹਾ ਅਮਨ ਦੀ ਗੱਲ ਕਰੀਏ।

# ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ/ਆਊਟਸੋਰਸ ਮੁਲਾਜਮਾਂ ਨੂੰ ਸਮੇਂ ਸਿਰ ਤਨਖਾਹ ਨਾ ਮਿਲਣ ਦੇ ਰੋਸ਼ ਵਜੋਂ ਮੰਡਲ ਦਫਤਰ ਫਾਜਿਲਕਾ ਅੱਗੇ ਦਿੱਤਾ ਧਰਨਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਜਲਾਲਾਬਾਦ, 14 ਮਈ (ਮਨੋਜ ਕੁਮਾਰ, ਸੁਭਾਸ਼ ਸਿੰਘ)- ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ (ਰਜਿ.31) ਦੀ ਬ੍ਰਾਂਚ ਜਲਾਲਾਬਾਦ ਦੇ ਵਰਕਰਾਂ ਵੱਲੋਂ ਪੇਂਡੂ ਜਲ ਸਪਲਾਈ ਸਕੀਮਾਂ ਤੇ ਫੀਲਡ ਅਤੇ ਦਫਤਰਾਂ ਵਿੱਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ/ਆਊਟਸੋਰਸ ਵਰਕਰਾਂ ਦੀ ਰੁਕੀ ਤਨਖਾਹ ਜਾਰੀ ਕਰਵਾਉਣ ਅਤੇ ਹੋਰਨਾਂ ਮੰਗਾਂ-ਮਸਲਿਆਂ ਦੇ ਸਬੰਧ ਵਿੱਚ ਮੰਗਲਵਾਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਮੰਡਲ ਦਫ਼ਤਰ ਫਾਜ਼ਿਲਕਾ ਵਿਖੇ ਵਿਖੇ ਧਰਨਾ ਦਿੱਤਾ ਗਿਆ,ਇਹ ਧਰਨਾ ਹਰੇਕ ਮਹੀਨੇ ਵਰਕਰਾਂ ਨੂੰ ਦੇਰੀ ਨਾਲ ਦੇਣ ਦੇ ਰੋਸ਼ ਵਜੋਂ ਦਿੱਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਸਰਕਲ ਸਕੱਤਰ ਜਸਵਿੰਦਰ ਸਿੰਘ ਚੱਕ ਜਾਨੀਸਰ, ਜਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ, ਜਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਨੂਰ ਸਮੰਦ, ਬ੍ਰਾਂਚ ਪ੍ਰਧਾਨ ਰਕੇਸ਼ ਸਿੰਘ ਹੀਰੇਵਾਲਾ, ਦਫਤਰੀ ਸਟਾਫ ਤੋਂ ਸੁਖਚੈਨ ਸਿੰਘ ਸੋਢੀ ਨੇ ਦੱਸਿਆ ਕਿ ਵਿਭਾਗੀ ਮੁਖੀ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਆਦੇਸ਼ਾਂ ਤਹਿਤ ਡਿਪਟੀ ਡਾਇਰੈਕਟਰ (ਪ੍ਰਸ਼ਾਸਨ) , ਜਸਸ ਵਿਭਾਗ ਨਾਭਾ ਰੋਡ ਪਟਿਆਲਾ ਵੱਲੋਂ ਸਮੂਹ ਕਾਰਜਕਾਰੀ ਇੰਜੀਨੀਅਰ ਨੂੰ ਸਪੈਸ਼ਲ ਪੱਤਰ-4 ਮਿਤੀ 21-08-2020 ਜਾਰੀ ਕਰਕੇ ਵਿਭਾਗ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਮੁਲਾਜਮਾਂ ਨੂੰ ਹਰੇਕ ਮਹੀਨੇ ਦੀ 7 ਤਾਰੀਖ਼ ਤੱਕ ਤਨਖਾਹ ਦੇਣਾ ਯਕੀਨੀ ਬਣਾਇਆ ਜਾਵੇ ਪ੍ਰੰਤੂ ਫਿਰ ਵੀ ਮੰਡਲ ਦਫਤਰ ਫਾਜਿਲਕਾ ਅਤੇ ਸਬ ਡਵਿਜ਼ਨ ਦਫਤਰ ਜਲਾਲਾਬਾਦ ਦੀ ਕਥਿਤ ਲਾਪ੍ਰਵਾਹੀ ਦੇ ਚਲਦੇ ਹਰੇਕ ਮਹੀਨੇ ਵਰਕਰਾਂ ਨੂੰ ਤਨਖਾਹ 15 ਦਿਨ ਦੇਰੀ ਨਾਲ ਮਿਲਦੀ ਹੈ। ਹੁਣ ਫਿਰ ਮਈ ਮਹੀਨਾ ਅੱਧਾ ਬੀਤ ਗਿਆ ਹੈ ਲੇਕਿਨ ਅਪ੍ਰੈਲ ਮਹੀਨੇ ਦੀ ਤਨਖਾਹ ਨਹੀਂ ਮਿਲੀ ਹੈ, ਜਦੋਕਿ ਇਨ੍ਹਾਂ ਇਨਲਿਸਟਮੈਂਟ ਅਤੇ ਆਊਟਸੋਰਸ ਮੁਲਾਜਮਾਂ ਕੋਲੋ ਪੇਂਡੂ ਜਲ ਸਪਲਾਈ ਸਕੀਮਾਂ ਨੂੰ ਚਲਾ ਕੇ ਲੋਕਾਂ ਦੇ ਘਰਾਂ ਤੱਕ ਪਾਣੀ ਸਪਲਾਈ ਪਹੁੰਚਾਉਣ, ਬਿੱਲ ਵੰਡਣੇ, ਬਿੱਲ ਇਕੱਠੇ ਕਰਨੇ, ਲੀਕੇਜ ਠੀਕ ਕਰਨਾ, ਪਾਣੀ ਸੈਂਪਲ ਦਫਤਰ ਵਿੱਚ ਪਹੁੰਚਾਉਣਾ, ਵਾਟਰ ਸਪਲਾਈ ਸਕੀਮਾਂ ਦੀ ਸਾਂਭ-ਸੰਭਾਲ ਕਰਨਾ ਆਦਿ ਕਈ ਤਰ੍ਹਾਂ ਦੇ ਕੰਮ ਰੈਗੂਲਰ ਮੁਲਾਜਮਾਂ ਵਾਂਗ ਲਏ ਜਾ ਰਹੇ ਹਨ ਅਤੇ ਇਹ ਇਨਲਿਸਟਮੈਂਟ ਵਰਕਰ ਵੀ ਜ਼ੁੰਮੇਵਾਰੀ ਦੇ ਨਾਲ ਤਨਦੇਹੀ ਦੇ ਨਾਲ ਸੇਵਾਵਾਂ ਦੇ ਰਹੇ ਹਨ, ਕਈ ਵਰਕਰਾਂ ਵੱਲੋਂ ਆਪਣੇ ਪੱਧਰ ਤੇ ਵਾਟਰ ਸਪਲਾਈ ਸਕੀਮਾਂ ਦੀ ਰਿਪੇਅਰ ਤੇ ਪੱਲਿਓ ਪੈਸੇ ਲਗਾਏ ਗਏ ਹਨ ਪਰ ਫਿਰ ਵੀ ਅਫਸਰਸ਼ਾਹੀ ਵੱਲੋਂ ਜੋ ਵਿਹਾਰ ਕੀਤਾ ਜਾਂਦਾ ਹੈ, ਉਹ ਨਿੰਦਣਯੋਗ ਹੈ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਭਵਿੱਖ ਵਿੱਚ ਇਨਲਿਸਟਮੈਂਟ ਵਰਕਰਾਂ ਨੂੰ 7 ਤਾਰੀਖ਼ ਤੱਕ ਤਨਖਾਹ ਦੇਣਾ ਯਕੀਨੀ ਨਾ ਕੀਤਾ ਗਿਆ ਤਾਂ ਮੰਡਲ ਦਫਤਰ ਫਾਜਿਲਕਾ ਅਤੇ ਸਬ ਡਵਿਜ਼ਨ ਦਫਤਰ ਜਲਾਲਾਬਾਦ ਵੱਲੋਂ ਪੈਂਦਾ ਕੀਤੀ ਜਾ ਰਹੀ ਮਜਬੂਰੀ ਵੱਸ ਯੂਨੀਅਨ ਵੱਲੋਂ ਸੰਘਰਸ਼ ਕੀਤਾ ਜਾਵੇਗਾ।

### ਬਾਕਸ 'ਚ ਪ੍ਰਸਤਾਵਿ

**ਸੁਪਰਡੈਂਟ ਵੱਲੋਂ ਵਰਕਰਾਂ ਨੂੰ ਤਨਖਾਹ ਸਮੇਂ ਸਿਰ ਦੇਣ ਅਤੇ ਹੋਰ ਮੰਗਾਂ ਦਾ ਹੱਲ ਕਰਵਾਉਣ ਦਾ ਦਿੱਤਾ ਗਿਆ ਭਰੋਸਾ -**

ਇਸ ਧਰਨੇ ਦੌਰਾਨ ਐਕਸੀਅਨ ਦੀ ਗੈਰੀ ਹਾਜਰੀ ਵਿੱਚ ਮੰਡਲ ਦਫਤਰ ਫਾਜਿਲਕਾ ਦੇ ਸੁਪਰਡੈਂਟ ਸੁੱਖ ਰਾਮ, ਅਰਵਿੰਦ ਬਿਨੋਨਾ ਐਸਡੀਓ ਜਲਾਲਾਬਾਦ ਤੇ ਹੋਰ ਦਫਤਰੀ ਨੁਮਾਇੰਦਿਆਂ ਨੇ ਯੂਨੀਅਨ ਦੇ ਨਾਲ ਮੀਟਿੰਗ ਕੀਤੀ ਗਈ। ਸੁਪਰਡੈਂਟ ਕੋਲ ਜੱਥੇਬੰਦੀ ਵੱਲੋਂ ਰੱਖੀਆਂ ਮੰਗਾਂ ਜਿਵੇਂ ਕਿ ਵਰਕਰਾਂ ਦੀ ਤਨਖਾਹ ਹਰੇਕ ਮਹੀਨੇ ਸਮੇਂ ਸਿਰ ਜਾਰੀ ਕੀਤੀ ਜਾਵੇ। ਵਿਭਾਗੀ ਮੁਖੀ (ਐਚ.ਓ.ਡੀ.) ਵੱਲੋਂ ਸਮੂਹ ਨਿਗਰਾਨ ਅਤੇ ਕਾਰਜਕਾਰੀ ਇੰਜੀਨੀਅਰ ਨੂੰ ਮਿਤੀ 4-3-2025, ਨੰਬਰ 1897 ਜਾਰੀ ਚਿੱਠੀ ਮੁਤਾਬਿਕ ਹਾਲ ਹੀ ਵਿੱਚ ਕਿਰਤ ਕਮਿਸ਼ਨਰ ਪੰਜਾਬ ਸਰਕਾਰ ਤਹਿਤ ਵਧੀਆਂ ਉਜਰਤਾਂ ਦੇ ਅਨੁਸਾਰ ਇਨਲਿਸਟਮੈਂਟ ਅਤੇ ਆਊਟਸੋਰਸ ਵਰਕਰਾਂ ਦੀ ਤਨਖਾਹ ਵਿੱਚ ਬਣਦਾ ਵਾਧਾ ਕੀਤਾ ਜਾਵੇ। ਦਫ਼ਤਰੀ ਸਟਾਫ ਦੇ ਠੇਕਾ ਵਰਕਰਾਂ ਨੂੰ ਛੁੱਟੀ ਦਿੱਤੀ ਜਾਵੇ। ਵਰਕਰਾਂ ਦੇ ਪਹਿਚਾਣ ਪੱਤਰ( ਆਈਡੀ ਕਾਰਡ ) ਬਣਾਏ ਜਾਣ। ਵਰਕਰਾਂ ਵਲੋਂ ਵਾਟਰ ਸਪਲਾਈ ਸਕੀਮਾਂ ਤੇ ਰਿਪੇਅਰ ਕਰਵਾਉਣ ਤੇ ਲਗਾਏ ਪੈਸੇ ਦਿੱਤੇ ਜਾਣ। ਵਾਟਰ ਸਪਲਾਈ ਸਕੀਮਾਂ ਤੇ ਵਰਕਰਾਂ ਨੂੰ ਲੋੜੀਦਾ ਸਮਾਨ ਦਿੱਤਾ ਜਾਵੇ।

ਇਸ ਮੌਕੇ ਸੁਪਰਡੈਂਟ ਵਲੋਂ ਯੂਨੀਅਨ ਦੇ ਨੁਮਾਇੰਦਿਆਂ ਦੀ ਗੱਲਬਾਤ ਵਧੀਆ ਤਰੀਕੇ ਨਾਲ ਸੁਣੀ ਅਤੇ ਕਿਹਾ ਕਿ ਇਥੇ ਡਵਿਜਨ ਦਫਤਰ ਫਾਜ਼ਿਲਕਾ ਵਿੱਚ ਸਥਾਈ ਤੌਰ ਤੇ ਕਾਰਜਕਾਰੀ ਇੰਜਨੀਅਰ ਦੀ ਤੈਨਾਤੀ ਨਾ ਹੋਣ ਕਾਰਨ ਵਰਕਰਾਂ ਨੂੰ ਤਨਖਾਹ ਮਿਲਣ ਵਿਚ ਦੇਰੀ ਹੋ ਰਹੀ ਹੈ। ਜਦੋਕਿ ਇਨਲਿਸਟਮੈਂਟ/ਆਊਟਸੋਰਸ ਮੁਲਾਜਮਾਂ ਦੀਆਂ ਤਨਖਾਹ ਦੇ ਬਿੱਲ ਹਰੇਕ ਮਹੀਨੇ ਦੀ 2 ਤਾਰੀਖ਼ ਤੱਕ ਮੰਡਲ ਦਫਤਰ



ਭੇਜਣ ਲਈ ਬਿਕਾਇਦਾ ਚਿੱਠੀ ਜਾਰੀ ਕੀਤੀ ਹੋਈ ਹੈ। ਇਸ ਸਬੰਧ ਵਿੱਚ ਇਕ ਵਾਰ ਫਿਰ ਫਾਜਿਲਕਾ ਮੰਡਲ ਅਧੀਨ ਆਉਂਦੀਆਂ ਸਮੂਹ ਸਬ ਡਵੀਜਨਾਂ ਨੂੰ ਚਿੱਠੀ ਜਾਰੀ ਕਰ ਦਿੱਤੀ ਜਾਵੇਗੀ ਅਤੇ ਹਰ ਮਹੀਨੇ ਵਰਕਰਾਂ ਦੀ ਤਨਖਾਹ 7 ਤਾਰੀਖ਼ ਤੋਂ ਪਹਿਲਾਂ ਦੇਣਾ ਯਕੀਨੀ ਕੀਤਾ ਜਾਵੇਗਾ।

### ਬਾਕਸ ਵਿਚ

**ਪੱਕਾ ਰੁਜਗਾਰ ਕਰਨ, ਵਾਟਰ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ/ਨਿੱਜੀਕਰਨ ਅਤੇ ਸਕਾਡਾ ਸਿਸਟਮ ਦੇ ਵਿਰੋਧ 'ਚ ਸੰਘਰਸ਼ ਜਾਰੀ ਰੱਖਣ ਦਾ ਐਲਾਨ**

ਉਧਰ, ਇਸ ਦੌਰਾਨ ਜੱਥੇਬੰਦੀ ਵੱਲੋਂ ਪ੍ਰੈਸ ਬਿਆਨ ਰਾਹੀ ਐਲਾਨ ਕੀਤਾ ਗਿਆ ਕਿ ਉਪਰੋਕਤ ਮੰਗਾਂ ਤੋਂ ਇਲਾਵਾ ਪਿਛਲੇ ਸਾਲਾਂਬੱਧੀ ਅਰਸ਼ੇ ਤੋਂ ਸੇਵਾਵਾਂ ਦੇ ਰਹੇ ਇਨਲਿਸਟਮੈਂਟ/ਆਊਟਸੋਰਸ ਵਰਕਰਾਂ ਕੋਲੋ ਲਏ ਜਾ ਰਹੇ ਕੰਮਾਂ ਨੂੰ ਵੇਖਦੇ ਹੋਏ ਪੱਕੇ ਰੁਜਗਾਰ ਦਾ ਪ੍ਰਬੰਧ ਕਰਨ, ਵਾਟਰ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ/ਨਿੱਜੀਕਰਨ ਅਤੇ ਸਕਾਡਾ ਸਿਸਟਮ ਲਗਾਉਣ ਦੇ ਵਿਰੋਧ ਵਿੱਚ ਸੰਘਰਸ਼ ਜਾਰੀ ਰੱਖਿਆ ਜਾਵੇਗਾ।

# ਭਾਰਤ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ ਕਤਲੇਆਮ ਕਦੋਂ ਤੱਕ ਜਾਰੀ ਰਹੇਗਾ? - ਮੁਰਦਿਆਂ ਦੇ ਘਰਾਂ ਦੇ ਚੁੱਲ੍ਹੇ ਖੰਡਰ ਹੋ ਰਹੇ ਹਨ ਅਤੇ ਸੋਗ ਸਥਾਨਾਂ ਵਿੱਚ ਬਦਲ ਰਹੇ ਹਨ - ਸਰਕਾਰਾਂ ਕਦੋਂ ਜਾਗਣਗੀਆਂ?

## ਭਾਰਤ ਵਿੱਚ ਜ਼ਹਿਰੀਲੀ ਸ਼ਰਾਬ ਨੂੰ ਰੋਕਣ ਲਈ ਆਪ੍ਰੇਸ਼ਨ ਸਿੰਦੂਰ-2 ਦੀ ਸਖ਼ਤ ਲੋੜ ਹੈ! ਨਕਲੀ ਜ਼ਹਿਰੀਲੀ ਸ਼ਰਾਬ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਲਈ ਮੁਆਵਜ਼ੇ ਦਾ ਐਲਾਨ, ਦੋਸ਼ੀਆਂ ਦੀ ਗ੍ਰਿਫ਼ਤਾਰੀ, ਜ਼ਮਾਨਤ, ਹੇਠਲੀ ਅਦਾਲਤ ਤੋਂ ਉੱਪਰਲੀ ਅਦਾਲਤ ਤੱਕ ਦੀ ਪ੍ਰਕਿਰਿਆ - ਪੀੜਤ ਪਰਿਵਾਰਾਂ ਦਾ ਜੀਵਨ ਅੰਤ? - ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਈ ਗੋਂਡੀਆ ਮਹਾਰਾਸ਼ਟਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਗੋਂਡੀਆ - ਵਿਸ਼ਵ ਪੱਧਰ 'ਤੇ, ਦੁਨੀਆ ਦੇ ਹਰ ਦੇਸ਼ ਦੇ ਮਾਹਰਾਂ ਲਈ ਵਾਈਨ ਦੀ ਤੁਲਨਾ ਇੱਕ ਟੌਨਿਕ ਵਜੋਂ ਕੀਤੀ ਜਾਂਦੀ ਹੈ। ਕਈ ਖੁਸ਼ੀ ਦੇ ਮੌਕਿਆਂ 'ਤੇ ਸ਼ਰਾਬ ਦੀਆਂ ਦਾਅਵਤਾਂ ਵੇਖੀਆਂ ਜਾ ਸਕਦੀਆਂ ਹਨ। ਮੈਂ ਆਪਣੀ ਜ਼ਮੀਨੀ ਰਿਪੋਰਟਿੰਗ ਵਿੱਚ ਦੇਖਿਆ ਹੈ ਕਿ ਨਾਮਾਤਰ ਇਜਾਜ਼ਤ ਹੈ ਪਰ ਨਿਯਮਾਂ ਅਤੇ ਕਾਨੂੰਨਾਂ ਦੀ ਉਲੰਘਣਾ ਉਨ੍ਹਾਂ ਲੋਕਾਂ ਦੇ ਨੱਕ ਹੇਠ ਕੀਤੀ ਜਾਂਦੀ ਹੈ ਜੋ ਜਵਾਬਦੇਹ ਹਨ। ਸੀਲਬੰਦ ਲਿਫਾਫਾ ਬੁੱਲ੍ਹਾਂ 'ਤੇ ਟੇਪ ਅਤੇ ਅੱਖਾਂ 'ਤੇ ਪੱਟੀ ਦਾ ਕੰਮ ਕਰਦਾ ਹੈ। ਇਹ ਇੱਕ ਉੱਚ-ਪ੍ਰੋਫਾਈਲ ਕਮੇਟੀ ਦੀ ਉਦਾਹਰਣ ਹੈ। ਇਸੇ ਤਰ੍ਹਾਂ, ਹੇਠਲੇ ਪੱਧਰ 'ਤੇ, ਮੱਧ ਵਰਗ, ਗਰੀਬ ਵਰਗ ਅਤੇ ਮਜ਼ਦੂਰ ਵਰਗ ਸ਼ਰਾਬ ਡਿਸਟਿਲਰੀਆਂ, ਮੁਹੱਲਾ ਚੌਕਾਂ ਵਿੱਚ ਦੂਜੇ ਦਰਜੇ ਦੇ ਅਖੌਤੀ ਨਕਲੀ ਈਥਾਨੌਲ ਦੀ ਵਰਤੋਂ ਕਰਕੇ ਬਣਾਈ ਗਈ ਸ਼ਰਾਬ ਦਾ ਸੇਵਨ ਕਰਦੇ ਹਨ। ਇੱਥੇ ਵੀ, ਇਨ੍ਹਾਂ ਜਵਾਬਦੇਹ ਲੋਕਾਂ ਦੇ ਬੁੱਲ੍ਹ ਲਿਫਾਫੇ ਵਾਲੀ ਟੇਪ ਨਾਲ ਢੱਕੇ ਹੋਏ ਹਨ ਅਤੇ ਉਨ੍ਹਾਂ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ ਹੈ। ਨਤੀਜੇ ਵਜੋਂ, ਪੰਜਾਬ ਵਿੱਚ ਬਟਾਲਾ, ਤਰਨਤਾਰਨ, ਸੰਗਰੂਰ ਵਰਗੀਆਂ ਘਟਨਾਵਾਂ ਅਤੇ ਭਾਰਤ ਦੇ ਕਈ ਰਾਜਾਂ ਵਿੱਚ ਕਈ ਮਾਮਲੇ ਵਾਪਰਦੇ ਰਹਿੰਦੇ ਹਨ ਜਿਨ੍ਹਾਂ ਬਾਰੇ ਅਸੀਂ ਹੇਠਾਂ ਦਿੱਤੇ ਪੈਰਿਆਂ ਵਿੱਚ ਚਰਚਾ ਕਰਾਂਗੇ। ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ 13 ਮਈ 2025 ਨੂੰ, ਮੇਰੀ ਜਾਣਕਾਰੀ ਅਨੁਸਾਰ, ਅੱਧੀ ਰਾਤ 12 ਵਜੇ ਤੱਕ, ਪੰਜਾਬ ਦੇ ਅੰਮ੍ਰਿਤਸਰ ਨੇੜੇ ਮਜੀਠਾ ਪਿੰਡ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ 21 ਲੋਕਾਂ ਦੀ ਮੌਤ ਦੀ ਖ਼ਬਰ ਮੀਡੀਆ ਵਿੱਚ ਆ ਚੁੱਕੀ ਸੀ। ਮੁੱਖ ਮੰਤਰੀ ਸਾਹਿਬ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ ਅਤੇ ਘਟਨਾ ਨਾਲ ਸਬੰਧਤ 10 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 103 (ਕਤਲ) ਅਤੇ 105 (ਗੈਰ-ਕਾਨੂੰਨੀ ਕਤਲ ਜੋ ਕਤਲ ਦੇ ਬਰਾਬਰ ਨਹੀਂ ਹੈ) ਦੇ ਨਾਲ-ਨਾਲ ਆਬਕਾਰੀ ਐਕਟ ਅਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਰੋਕਥਾਮ) ਐਕਟ ਨਾਲ ਸਬੰਧਤ ਧਾਰਾਵਾਂ ਲਗਾਈਆਂ ਗਈਆਂ ਹਨ। ਪਰ ਇੱਕ ਵਕੀਲ ਹੋਣ ਦੇ ਨਾਤੇ, ਮੈਂ ਦੇਖਿਆ ਹੈ ਕਿ ਜਦੋਂ ਤੱਕ ਨਕਲੀ ਜ਼ਹਿਰੀਲੀ ਸ਼ਰਾਬ ਨਾਲ ਪ੍ਰਭਾਵਿਤ ਲੋਕਾਂ ਦੇ ਪਰਿਵਾਰਕ ਮੈਂਬਰਾਂ ਲਈ ਮੁਆਵਜ਼ਾ ਐਲਾਨਣ, ਮੁਲਜ਼ਮਾਂ ਦੀ ਗ੍ਰਿਫ਼ਤਾਰੀ, ਜ਼ਮਾਨਤ, ਹੇਠਲੀ ਅਦਾਲਤ ਤੋਂ ਲੈ ਕੇ ਉੱਚ ਅਦਾਲਤ ਤੱਕ ਜਾਰੀ ਰਹਿੰਦੀ ਹੈ, ਉਦੋਂ ਤੱਕ ਪੀੜਤ ਪਰਿਵਾਰ ਦੀ ਜ਼ਿੰਦਗੀ ਖਤਮ ਹੋ ਸਕਦੀ ਹੈ? ਕਿਉਂਕਿ ਭਾਰਤ ਨੂੰ ਨਕਲੀ ਸ਼ਰਾਬ ਨੂੰ ਰੋਕਣ ਲਈ ਆਪ੍ਰੇਸ਼ਨ ਸਿੰਦੂਰ-2 ਦੀ ਸਖ਼ਤ ਜ਼ਰੂਰਤ ਹੈ, ਅਤੇ ਸਾਰੇ ਰਾਜਾਂ ਵਿੱਚ ਇੱਕ ਸਾਂਝੀ ਗੱਲ ਇਹ ਹੈ ਕਿ ਨਕਲੀ ਸ਼ਰਾਬ ਵਿੱਚ ਸ਼ਾਮਲ ਪਰਿਵਾਰਕ ਮੈਂਬਰਾਂ ਲਈ ਮੁਆਵਜ਼ੇ ਦਾ ਐਲਾਨ, ਮੁਲਜ਼ਮਾਂ ਦੀ ਗ੍ਰਿਫ਼ਤਾਰੀ, ਜ਼ਮਾਨਤ, ਕਾਨੂੰਨੀ ਪ੍ਰਕਿਰਿਆ ਹੇਠਾਂ ਤੋਂ ਲੈ ਕੇ ਉੱਪਰਲੀ ਅਦਾਲਤ ਤੱਕ ਸਾਲਾਂ ਤੱਕ ਚੱਲਦੀ ਹੈ, ਉਦੋਂ ਤੱਕ ਪੀੜਤ ਦੇ ਪਰਿਵਾਰਕ ਮੈਂਬਰਾਂ ਦੀ ਜ਼ਿੰਦਗੀ ਸ਼ਾਇਦ ਖਤਮ ਹੋ ਜਾਂਦੀ ਹੈ? ਇਸ ਲਈ, ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ ਕਿ ਭਾਰਤ ਵਿੱਚ ਜ਼ਹਿਰੀਲੀ ਸ਼ਰਾਬ ਦਾ ਕਤਲੇਆਮ ਕਦੋਂ ਤੱਕ ਜਾਰੀ ਰਹੇਗਾ? ਮ੍ਰਿਤਕਾਂ ਦੇ ਘਰ ਤਬਾਹ ਹੋਣ ਤੋਂ ਬਾਅਦ ਸੋਗ ਸਥਾਨਾਂ ਵਿੱਚ ਬਦਲ ਰਹੇ ਹਨ, ਸਰਕਾਰ ਕਦੋਂ ਜਾਗੇਗੀ? ਕਿਰਪਾ ਕਰਕੇ ਧਿਆਨ ਦਿਓ ਕਿ ਇਸ ਲੇਖ ਵਿੱਚ ਦਿੱਤੀ ਗਈ ਜਾਣਕਾਰੀ ਦੀ ਸ਼ੁੱਧਤਾ ਦਾ ਕੋਈ ਸਬੂਤ ਨਹੀਂ ਹੈ ਕਿਉਂਕਿ ਇਹ ਇਲੈਕਟ੍ਰਾਨਿਕ ਮੀਡੀਆ ਤੋਂ ਲਈ ਗਈ ਹੈ।

ਦੋਸਤੋ, ਜੇਕਰ ਅਸੀਂ 13 ਮਈ 2025 ਨੂੰ ਜ਼ਹਿਰੀਲੀ ਸ਼ਰਾਬ ਪੀਣ ਦੀ ਘਟਨਾ ਦੀ ਗੱਲ ਕਰੀਏ ਤਾਂ ਅੰਮ੍ਰਿਤਸਰ: ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਬਲਾਕ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ 21 ਲੋਕਾਂ ਦੀ ਮੌਤ ਹੋ ਗਈ ਹੈ, ਜਿਸ ਕਾਰਨ ਇਲਾਕੇ ਵਿੱਚ ਸੋਗ ਹੈ, ਇਹ ਘਟਨਾ ਬਲਾਕ ਦੇ ਭੰਗਾਲੀ ਕਲਾਂ, ਥਰੀਏਵਾਲ, ਸੰਘਾ ਅਤੇ ਮਰਾੜੀ ਕਲਾਂ ਵਰਗੇ ਪਿੰਡਾਂ ਵਿੱਚ ਵਾਪਰੀ। ਜ਼ਿਲ੍ਹਾ ਪ੍ਰਸ਼ਾਸਨ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਮੌਤਾਂ ਦੀ ਗਿਣਤੀ ਵਧ ਸਕਦੀ ਹੈ। ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਦੋ ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ 10 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਚਾਰ ਮੁਲਜ਼ਮਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ ਜੋ ਸਪਲਾਇਰਾਂ ਤੋਂ ਸ਼ਰਾਬ ਖਰੀਦ ਕੇ ਪਿੰਡਾਂ ਵਿੱਚ ਵੇਚ ਰਹੇ ਸਨ। ਇਸ ਘਟਨਾ ਸਬੰਧੀ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ (ਡੀਜੀਪੀ) ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਦੱਸਿਆ ਕਿ, ਇਸ ਮੰਦਭਾਗੀ ਘਟਨਾ ਵਿੱਚ ਨਕਲੀ ਸ਼ਰਾਬ ਕਾਰਨ ਹੋਈਆਂ ਦੁਖਦਾਈ ਮੌਤਾਂ ਤੋਂ ਬਾਅਦ, ਪੰਜਾਬ ਪੁਲਿਸ ਨੇ ਤੁਰੰਤ ਕਾਰਵਾਈ ਕੀਤੀ, ਜਿਸ ਵਿੱਚ ਮੁੱਖ ਸਰਗਨਾ ਅਤੇ ਕਈ ਸਥਾਨਕ ਵਿਕਰੇਤਾ ਸ਼ਾਮਲ ਸਨ, ਆਨਲਾਈਨ ਖਰੀਦੇ ਗਏ ਮੀਥੇਨੌਲ ਦੀ ਵਰਤੋਂ ਨਕਲੀ ਸ਼ਰਾਬ ਬਣਾਉਣ ਲਈ ਕੀਤੀ ਗਈ। ਇਸ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਸ ਦੇ ਢੰਗ-ਤਰੀਕੇ ਦਾ ਪਤਾ ਲਗਾਇਆ ਜਾ ਸਕੇ ਅਤੇ ਸਾਰੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾ ਸਕੇ।





ਦੋਸਤੋ, ਜੇਕਰ ਅਸੀਂ ਭਾਰਤ ਵਿੱਚ ਜ਼ਹਿਰੀਲੀ ਸ਼ਰਾਬ ਦੇ ਕਹਿਰ ਦੀ ਗੱਲ ਕਰੀਏ, ਤਾਂ 2014 ਤੋਂ 2022 ਤੱਕ ਕਿਸ ਸਾਲ ਕਿੰਨੀਆਂ ਮੌਤਾਂ ਹੋਈਆਂ? (1) 2014: ਗੈਰ-ਕਾਨੂੰਨੀ ਸ਼ਰਾਬ ਪੀਣ ਕਾਰਨ 1,699 ਮੌਤਾਂ ਹੋਈਆਂ। (2) 2015: 1,624 ਘਟਨਾਵਾਂ ਵਿੱਚ 1,522 ਲੋਕਾਂ ਦੀ ਮੌਤ ਹੋਈ। ਮਹਾਰਾਸ਼ਟਰ (278), ਪੁਡੂਚੇਰੀ (149) ਅਤੇ ਮੱਧ ਪ੍ਰਦੇਸ਼ (246) ਵਿੱਚ ਸਭ ਤੋਂ ਵੱਧ ਮੌਤਾਂ ਹੋਈਆਂ। (3) 2016: 1,073 ਘਟਨਾਵਾਂ ਵਿੱਚ 1,054 ਮੌਤਾਂ ਦਰਜ ਕੀਤੀਆਂ ਗਈਆਂ। ਮੱਧ ਪ੍ਰਦੇਸ਼ (184) ਅਤੇ ਹਰਿਆਣਾ (169) ਵਿੱਚ ਸਭ ਤੋਂ ਵੱਧ ਮੌਤਾਂ ਹੋਈਆਂ। (4) 2017: 1,497 ਘਟਨਾਵਾਂ ਵਿੱਚ 1,510 ਮੌਤਾਂ। ਕਰਨਾਟਕ (256), ਮੱਧ ਪ੍ਰਦੇਸ਼ (216) ਅਤੇ ਆਂਧਰਾ ਪ੍ਰਦੇਸ਼ (183) ਵਿੱਚ ਸਥਿਤੀ ਗੰਭੀਰ ਬਣੀ ਹੋਈ ਹੈ। (5) 2018: 1,346 ਘਟਨਾਵਾਂ ਵਿੱਚ 1,365 ਲੋਕਾਂ ਦੀ ਮੌਤ ਹੋਈ, ਜਿਸ ਵਿੱਚ ਮੱਧ ਪ੍ਰਦੇਸ਼ (410) ਅਤੇ ਕਰਨਾਟਕ (218) ਸਭ ਤੋਂ ਵੱਧ ਮਾਮਲੇ ਦਰਜ ਕੀਤੇ ਗਏ। (6) 2019: 1,141 ਘਟਨਾਵਾਂ ਵਿੱਚ 1,296 ਮੌਤਾਂ। ਮੱਧ ਪ੍ਰਦੇਸ਼ (410) ਅਤੇ ਕਰਨਾਟਕ (268) ਵਿੱਚ ਸਥਿਤੀ ਚਿੰਤਾਜਨਕ ਬਣੀ ਹੋਈ ਹੈ। (7) 2020: 931 ਘਟਨਾਵਾਂ ਵਿੱਚ 947 ਲੋਕਾਂ ਦੀ ਮੌਤ ਹੋਈ। ਮੱਧ ਪ੍ਰਦੇਸ਼ (214) ਅਤੇ ਝਾਰਖੰਡ (139) ਵਿੱਚ ਸਭ ਤੋਂ ਵੱਧ ਮੌਤਾਂ ਦਰਜ ਕੀਤੀਆਂ ਗਈਆਂ। (8) 2021: 708 ਘਟਨਾਵਾਂ ਵਿੱਚ 782 ਮੌਤਾਂ। ਉੱਤਰ ਪ੍ਰਦੇਸ਼ (137) ਅਤੇ ਪੰਜਾਬ (127) ਵਿੱਚ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ। (9) 2022: 507 ਘਟਨਾਵਾਂ ਵਿੱਚ 617 ਮੌਤਾਂ। ਬਿਹਾਰ (134) ਅਤੇ ਕਰਨਾਟਕ (98) ਵਿੱਚ ਨਾਜਾਇਜ਼ ਸ਼ਰਾਬ ਦਾ ਖ਼ਤਰਾ ਜਾਰੀ ਰਿਹਾ।

ਦੋਸਤੋ, ਜੇਕਰ ਅਸੀਂ ਮਜੀਠਾ ਮਾਮਲੇ ਵਿੱਚ ਲਗਾਈਆਂ ਗਈਆਂ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ ਨੂੰ ਸਮਝਣ ਦੀ ਗੱਲ ਕਰੀਏ, ਤਾਂ ਭਾਰਤੀ ਦੰਡ ਸੰਹਿਤਾ (BNS) ਦੀ ਧਾਰਾ 103 ਕਤਲ ਲਈ ਸਜ਼ਾ ਦੀ ਵਿਵਸਥਾ ਕਰਦੀ ਹੈ, ਜਦੋਂ ਕਿ ਧਾਰਾ 105 ਕਤਲ ਨਾ ਹੋਣ ਵਾਲੇ ਗੈਰ-ਇਰਾਦਤਨ ਕਤਲ ਲਈ ਸਜ਼ਾ ਦੀ ਵਿਵਸਥਾ ਕਰਦੀ ਹੈ। ਧਾਰਾ 103 ਦੇ ਅਨੁਸਾਰ, ਜੇਕਰ ਕੋਈ ਵਿਅਕਤੀ ਕਤਲ ਕਰਦਾ ਹੈ, ਤਾਂ ਉਸਨੂੰ ਮੌਤ ਦੀ ਸਜ਼ਾ ਜਾਂ ਉਮਰ ਕੈਦ ਅਤੇ ਜੁਰਮਾਨੇ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਧਾਰਾ 105 ਦੇ ਅਨੁਸਾਰ, ਜੇਕਰ ਕੋਈ ਵਿਅਕਤੀ ਗੈਰ-ਇਰਾਦਤਨ ਕਤਲ ਕਰਦਾ ਹੈ ਜੋ ਕਤਲ ਦੇ ਬਰਾਬਰ ਨਹੀਂ ਹੈ, ਤਾਂ ਉਸਨੂੰ ਉਮਰ ਕੈਦ ਜਾਂ 5 ਤੋਂ 10 ਸਾਲ ਦੀ ਕੈਦ ਅਤੇ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ। ਧਾਰਾ 103: ਕਤਲ ਦੀ ਸਜ਼ਾ (1) ਜੇਕਰ ਕੋਈ ਵਿਅਕਤੀ ਕਤਲ ਕਰਦਾ ਹੈ, ਤਾਂ ਉਸਨੂੰ ਮੌਤ ਜਾਂ ਉਮਰ ਕੈਦ ਦੀ ਸਜ਼ਾ ਦਿੱਤੀ ਜਾਵੇਗੀ ਅਤੇ ਜੁਰਮਾਨੇ ਦਾ ਵੀ ਭਾਗੀਦਾਰ ਹੋਵੇਗਾ। (2) ਜੇਕਰ ਪੰਜ ਜਾਂ ਵੱਧ ਵਿਅਕਤੀਆਂ ਦਾ ਸਮੂਹ ਨਸਲ, ਜਾਤ ਜਾਂ ਭਾਈਚਾਰੇ, ਲਿੰਗ, ਜਨਮ ਸਥਾਨ, ਭਾਸ਼ਾ, ਨਿੱਜੀ ਵਿਸ਼ਵਾਸ ਜਾਂ ਕਿਸੇ ਹੋਰ ਸਮਾਨ ਆਧਾਰ 'ਤੇ ਕਤਲ ਕਰਦਾ ਹੈ, ਤਾਂ ਅਜਿਹੇ ਸਮੂਹ ਦੇ ਹਰੇਕ ਮੈਂਬਰ ਨੂੰ ਮੌਤ ਜਾਂ ਉਮਰ ਕੈਦ ਦੀ ਸਜ਼ਾ ਦਿੱਤੀ ਜਾਵੇਗੀ ਅਤੇ ਜੁਰਮਾਨੇ ਦਾ ਵੀ ਭਾਗੀਦਾਰ ਹੋਵੇਗਾ।

ਦੋਸਤੋ, ਜੇਕਰ ਅਸੀਂ ਗੈਰ-ਕਾਨੂੰਨੀ ਸ਼ਰਾਬ ਬਣਾਉਣ ਨੂੰ ਸਮਝਣ ਦੀ ਗੱਲ ਕਰੀਏ, ਤਾਂ ਗੈਰ-ਕਾਨੂੰਨੀ ਸ਼ਰਾਬ ਕਿਵੇਂ ਬਣਾਈ ਜਾਂਦੀ ਹੈ? ਗੁੜ, ਪਾਣੀ ਅਤੇ ਯੂਰੀਆ ਮੁੱਖ ਤੌਰ 'ਤੇ ਕੱਚੀ ਸ਼ਰਾਬ ਬਣਾਉਣ ਲਈ ਵਰਤੇ ਜਾਂਦੇ ਹਨ, ਇਸ ਵਿੱਚ ਕਈ ਖਤਰਨਾਕ ਰਸਾਇਣ ਵੀ ਮਿਲਾਏ ਜਾਂਦੇ ਹਨ, ਗੁੜ ਨੂੰ ਸੜਨ ਲਈ ਆਕਸੀਟੋਸਿਨ ਦੀ ਵਰਤੋਂ ਕੀਤੀ ਜਾਂਦੀ ਹੈ, ਹੋਰ ਨਸ਼ਾ ਲਿਆਉਣ ਲਈ ਅਮੋਨੀਅਮ ਕਲੋਰਾਈਡ ਅਤੇ ਯੂਰੀਆ ਵੀ ਮਿਲਾਇਆ ਜਾਂਦਾ ਹੈ, ਇਹ ਸਾਰੀਆਂ ਚੀਜ਼ਾਂ ਮਨੁੱਖੀ ਸਰੀਰ ਲਈ ਬਹੁਤ ਨੁਕਸਾਨਦੇਹ ਹਨ। ਜਦੋਂ ਯੂਰੀਆ, ਆਕਸੀਟੋਸਿਨ, ਗੁੜ ਅਤੇ ਪਾਣੀ ਨੂੰ ਮਿਲਾ ਕੇ ਫਰਮੈਂਟੇਸ਼ਨ ਕੀਤਾ ਜਾਂਦਾ ਹੈ, ਤਾਂ ਈਥਾਈਲ ਅਲਕੋਹਲ ਦੀ ਬਜਾਏ ਮਿਥਾਈਲ ਅਲਕੋਹਲ ਬਣਦਾ ਹੈ, ਮਿਥਾਈਲ ਅਲਕੋਹਲ ਬਣਨ ਦਾ ਇੱਕ ਕਾਰਨ ਸ਼ਰਾਬ ਬਣਾਉਣ ਦੀ ਪ੍ਰਕਿਰਿਆ ਦੌਰਾਨ ਤਾਪਮਾਨ ਦਾ ਸਹੀ ਧਿਆਨ ਨਾ ਰੱਖਣਾ ਵੀ ਹੈ, ਇਸ ਮਿਥਾਈਲ ਅਲਕੋਹਲ ਕਾਰਨ ਸ਼ਰਾਬ ਜ਼ਹਿਰੀਲੀ ਹੋ ਜਾਂਦੀ ਹੈ, ਇਸਨੂੰ ਪੀਣ ਨਾਲ ਮੌਤ ਹੋ ਜਾਂਦੀ ਹੈ - ਮਾਹਿਰਾਂ ਦੇ ਅਨੁਸਾਰ, ਮਿਥਾਈਲ ਅਲਕੋਹਲ ਸਰੀਰ ਵਿੱਚ ਜਾ ਕੇ ਫਾਰਮਾਲਡੀਹਾਈਡ (ਫਾਰਮਿਕ ਐਸਿਡ) ਬਣਾਉਂਦਾ ਹੈ, ਇਹ ਇੱਕ ਅਜਿਹਾ ਜ਼ਹਿਰ ਹੈ ਜੋ ਅੱਖਾਂ ਦੀ ਰੌਸ਼ਨੀ ਖੋਹ ਸਕਦਾ ਹੈ ਜਾਂ ਮੌਤ ਦਾ ਕਾਰਨ ਬਣ ਸਕਦਾ ਹੈ, ਇਹ ਪੀਣ ਵਾਲੇ ਦੇ ਦਿਮਾਗ ਲਈ ਵੀ ਬਹੁਤ ਨੁਕਸਾਨਦੇਹ ਹੈ, ਜੇਕਰ ਸ਼ਰਾਬ ਵਿੱਚ ਮਿਥਾਈਲ ਅਲਕੋਹਲ ਦੀ ਮਾਤਰਾ 90 ਪ੍ਰਤੀਸ਼ਤ ਤੋਂ ਵੱਧ ਹੋ ਜਾਵੇ, ਤਾਂ ਇਹ ਜ਼ਹਿਰੀਲਾ ਹੋ ਜਾਂਦਾ ਹੈ, ਇੰਨੀ ਮਾਤਰਾ ਵਿੱਚ ਮਿਥਾਈਲ ਅਲਕੋਹਲ ਦਾ ਸੇਵਨ ਦਿਮਾਗੀ ਤੌਰ 'ਤੇ ਟੁੱਟਣ ਦਾ ਕਾਰਨ ਬਣਦਾ ਹੈ। 13 ਮਈ ਨੂੰ ਬਟਾਲਾ ਸ਼ਰਾਬ ਘੁਟਾਲੇ ਦੀ ਪੁਲਿਸ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਕਿ ਨਕਲੀ ਸ਼ਰਾਬ ਬਣਾਉਣ ਲਈ ਵਰਤਿਆ ਜਾਣ ਵਾਲਾ ਮੀਥੇਨੌਲ ਥੋਕ ਵਿੱਚ ਔਨਲਾਈਨ ਖਰੀਦਿਆ ਗਿਆ ਸੀ। ਮੀਥੇਨੌਲ ਇੱਕ ਹਲਕਾ, ਰੰਗਹੀਣ ਜੈਵਿਕ ਰਸਾਇਣਕ ਮਿਸ਼ਰਣ ਹੈ ਜੋ ਅਕਸਰ ਈਥੇਨੌਲ ਦੇ ਸਸਤੇ ਵਿਕਲਪ ਵਜੋਂ ਅਲਕੋਹਲ ਵਾਲੇ ਪੀਣ ਵਾਲੇ ਪਦਾਰਥਾਂ ਵਿੱਚ ਗੈਰ-ਕਾਨੂੰਨੀ ਤੌਰ 'ਤੇ ਸ਼ਾਮਲ ਕੀਤਾ ਜਾਂਦਾ ਹੈ।

ਦੋਸਤੋ, ਜੇਕਰ ਅਸੀਂ ਸ਼ਰਾਬ 'ਤੇ ਦੇਸ਼ ਵਿਆਪੀ ਪਾਬੰਦੀ ਨੂੰ ਸਮਝਣ ਦੀ ਗੱਲ ਕਰੀਏ, ਤਾਂ ਸ਼ਰਾਬ 'ਤੇ ਦੇਸ਼ ਵਿਆਪੀ ਪਾਬੰਦੀ ਬਾਰੇ ਕੀ? ਕੀ ਇਹ ਸਿਧਾਂਤਕ ਤੌਰ 'ਤੇ ਸੰਭਵ ਹੈ? ਜੇਕਰ ਅਜਿਹਾ ਹੈ, ਤਾਂ ਕੇਂਦਰ ਸਰਕਾਰ ਪਾਬੰਦੀ ਕਿਵੇਂ ਲਾਗੂ ਕਰ ਸਕਦੀ ਹੈ? ਖੈਰ, ਕਿਉਂਕਿ ਸੰਵਿਧਾਨ ਸੰਘ ਨੂੰ ਸ਼ਰਾਬ ਨੂੰ ਨਿਯਮਤ ਕਰਨ ਦੀ ਆਗਿਆ ਨਹੀਂ ਦਿੰਦਾ, (ਕੇਂਦਰੀ) ਸਰਕਾਰ ਨੂੰ ਦੋ-ਪੜਾਵੀ ਪ੍ਰਕਿਰਿਆ ਦੀ ਪਾਲਣਾ ਕਰਨ ਦੀ ਜ਼ਰੂਰਤ ਹੋਏਗੀ। ਤੁਰੰਤ ਕਦਮ ਸੰਵਿਧਾਨ ਵਿੱਚ ਸੋਧ ਕਰਨਾ ਅਤੇ ਸ਼ਰਾਬ ਨੂੰ ਰਾਜ ਸੂਚੀ ਤੋਂ ਯੂਨੀਅਨ ਸੂਚੀ ਵਿੱਚ ਤਬਦੀਲ ਕਰਨਾ ਹੋਵੇਗਾ। ਅਜਿਹੀ ਸੋਧ ਲਈ ਹਰੇਕ ਸਦਨ ਵਿੱਚ ਇੱਕ ਬਿੱਲ ਪਾਸ ਕਰਨ ਦੀ ਲੋੜ ਹੋਵੇਗੀ, ਜਿਸਨੂੰ ਉਸ ਸਦਨ ਦੇ ਬਹੁਮਤ ਮੈਂਬਰਾਂ ਦੁਆਰਾ ਮਨਜ਼ੂਰ ਕੀਤਾ ਜਾਵੇ, ਜਿਸ ਵਿੱਚ ਘੱਟੋ-ਘੱਟ 2/3 ਮੈਂਬਰ ਮੌਜੂਦ ਅਤੇ ਵੋਟਿੰਗ ਕਰਨ। ਇਹ ਦੇਖਦੇ ਹੋਏ ਕਿ ਇਹ ਸੋਧ ਰਾਜ ਸ਼ਕਤੀਆਂ ਨੂੰ ਪ੍ਰਭਾਵਤ ਕਰਦੀ ਹੈ, ਬਿੱਲ ਨੂੰ ਘੱਟੋ-ਘੱਟ 15 ਰਾਜਾਂ (ਕੁੱਲ 29 ਰਾਜਾਂ ਵਿੱਚੋਂ ਘੱਟੋ-ਘੱਟ ਅੱਧੇ) ਦੀਆਂ ਰਾਜ ਵਿਧਾਨ ਸਭਾਵਾਂ ਦੁਆਰਾ ਵੀ ਪ੍ਰਵਾਨਗੀ ਦੇਣੀ ਚਾਹੀਦੀ ਹੈ। ਕੀ ਇਹ ਅੱਜ ਸੰਭਵ ਹੈ? ਜਵਾਬ ਸਪੱਸ਼ਟ ਤੌਰ 'ਤੇ ਹਾਂ ਹੈ। ਭਾਜਪਾ ਕੋਲ ਲੋਕ ਸਭਾ ਵਿੱਚ ਬਹੁਮਤ ਹੈ ਅਤੇ 15 ਰਾਜਾਂ ਵਿੱਚ ਉਸਦੀ ਸਰਕਾਰ ਹੈ। ਰਾਜ ਸਭਾ ਵਿੱਚ ਇਸ ਕੋਲ ਅਜੇ ਲੋੜੀਂਦੇ ਨੰਬਰ ਨਹੀਂ ਹਨ, ਪਰ ਮਨਾਹੀ ਵਰਗੇ ਮੁੱਦੇ 'ਤੇ ਸਮਰਥਕਾਂ ਦਾ ਇੱਕ ਸਮੂਹ ਬਣਾਇਆ ਜਾ ਸਕਦਾ ਹੈ। ਇਸ ਲਈ ਜੇਕਰ ਉਹ ਇਹ ਕਰਨ ਦਾ ਫੈਸਲਾ ਕਰਦੀ ਹੈ, ਤਾਂ ਮੇਰਾ ਮੰਨਣਾ ਹੈ ਕਿ ਉਹ ਇਹ ਕਰ ਸਕਦੀ ਹੈ। (ਇਹ ਵੱਖਰੀ ਗੱਲ ਹੈ ਕਿ ਉੱਤਰ ਪ੍ਰਦੇਸ਼ ਸਮੇਤ ਕਿਸੇ ਵੀ ਭਾਜਪਾ ਸ਼ਾਸਿਤ ਸੂਬੇ ਨੇ, ਜਿੱਥੇ ਮੁੱਖ ਮੰਤਰੀ ਹੈ, ਸ਼ਰਾਬ ਦੀ ਉਪਲਬਧਤਾ ਘਟਾਉਣ ਦੀ ਕੋਸ਼ਿਸ਼ ਨਹੀਂ ਕੀਤੀ)। ਸ਼ਰਾਬ ਨੂੰ ਯੂਨੀਅਨ ਸੂਚੀ ਵਿੱਚ ਸ਼ਾਮਲ ਕਰਨ ਤੋਂ ਬਾਅਦ, ਸਰਕਾਰ ਰਾਤੋ-ਰਾਤ ਸ਼ਰਾਬ 'ਤੇ ਪਾਬੰਦੀ ਲਗਾਉਣ ਲਈ ਇੱਕ ਕਾਰਜਕਾਰੀ ਆਦੇਸ਼ ਜਾਰੀ ਕਰ ਸਕਦੀ ਹੈ। ਹਾਲਾਂਕਿ, ਸ਼ਰਾਬ ਨੂੰ ਯੂਨੀਅਨ ਸੂਚੀ ਵਿੱਚ ਲਿਜਾਣ ਦੀ ਪ੍ਰਕਿਰਿਆ ਆਸਾਨ ਨਹੀਂ ਹੋਵੇਗੀ; ਦਰਅਸਲ, ਇਹ ਸੰਭਾਵਨਾ ਨਹੀਂ ਹੈ ਕਿ ਉਹ ਇਸਨੂੰ ਕਦੇ ਪੂਰਾ ਕਰਨਗੇ। ਕਿਉਂਕਿ ਰਾਜ ਸ਼ਰਾਬ 'ਤੇ ਟੈਕਸ ਲਗਾਉਣ ਦੇ ਆਪਣੇ ਅਧਿਕਾਰ ਨੂੰ ਛੱਡਣ ਤੋਂ ਝਿਜਕਣਗੇ, ਜਿਵੇਂ ਕਿ ਪੈਟਰੋਲ ਅਤੇ ਡੀਜ਼ਲ 'ਤੇ ਜੀਐਸਟੀ ਲਿਆਉਣਾ, ਕਿਉਂਕਿ ਇਹ ਉਨ੍ਹਾਂ ਦੇ ਆਪਣੇ ਟੈਕਸ ਮਾਲੀਏ ਦਾ 25-30 ਪ੍ਰਤੀਸ਼ਤ ਬਣਦਾ ਹੈ, ਅਤੇ ਚੋਣਾਂ ਅਤੇ ਹੋਰ ਪਾਰਟੀ ਗਤੀਵਿਧੀਆਂ ਲਈ ਨਕਦ ਫੰਡਿੰਗ ਦਾ ਇੱਕ ਆਸਾਨ ਸਰੋਤ ਹੈ। ਸ਼ਰਾਬ ਦੇ ਨਿਯਮ ਨੂੰ ਯੂਨੀਅਨ ਸੂਚੀ ਵਿੱਚ ਲਿਆਉਣ ਲਈ ਸੋਧ ਨੂੰ ਲਗਭਗ ਯਕੀਨੀ ਤੌਰ 'ਤੇ ਰਾਜਾਂ ਵੱਲੋਂ ਕਾਨੂੰਨੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ, ਜੋ ਕਿ ਬਹੁਤ ਜਲਦੀ ਸੁਪਰੀਮ ਕੋਰਟ ਤੱਕ ਪਹੁੰਚ ਜਾਵੇਗਾ, ਕਿਉਂਕਿ ਇਹ ਇੱਕ ਕਿਸਮ ਦਾ ਸੰਵਿਧਾਨਕ ਵਿਵਾਦ ਬਣ ਜਾਵੇਗਾ। ਜੇਕਰ ਇਹ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚਦਾ ਹੈ, ਤਾਂ ਬੈਂਚ ਮਾਮਲੇ ਅਤੇ ਇਸ ਸੋਧ ਦਾ ਮੁਲਾਂਕਣ ਕਿਵੇਂ ਕਰ ਸਕਦੀ ਹੈ?



ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਈ ਗੋਂਡੀਆ

ਇਸ ਲਈ ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਭਾਰਤ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ ਹੋਣ ਵਾਲੇ ਕਤਲੇਆਮ ਕਦੋਂ ਤੱਕ ਜਾਰੀ ਰਹਿਣਗੇ? - ਮੁਰਦਿਆਂ ਦੇ ਘਰਾਂ ਦੇ ਚੁੱਲ੍ਹੇ ਖੰਡਰ ਹੋ ਰਹੇ ਹਨ ਅਤੇ ਸੋਗ ਸਥਾਨ ਬਣਾਏ ਜਾ ਰਹੇ ਹਨ - ਸਰਕਾਰਾਂ ਕਦੋਂ ਜਾਗਣਗੀਆਂ? ਭਾਰਤ ਵਿੱਚ ਜ਼ਹਿਰੀਲੀ ਸ਼ਰਾਬ ਨੂੰ ਰੋਕਣ ਲਈ ਆਪ੍ਰੇਸ਼ਨ ਸਿੰਦੂਰ-2 ਦੀ ਸਖ਼ਤ ਲੋੜ ਹੈ! ਨਕਲੀ ਜ਼ਹਿਰੀਲੀ ਸ਼ਰਾਬ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਲਈ ਮੁਆਵਜ਼ੇ ਦਾ ਐਲਾਨ, ਦੋਸ਼ੀਆਂ ਦੀ ਗ੍ਰਿਫ਼ਤਾਰੀ, ਜ਼ਮਾਨਤ, ਹੇਠਲੀ ਅਦਾਲਤ ਤੋਂ ਉੱਚ ਅਦਾਲਤ ਤੱਕ ਦੀ ਪ੍ਰਕਿਰਿਆ - ਕੀ ਪੀੜਤ ਪਰਿਵਾਰਾਂ ਦੀ ਜ਼ਿੰਦਗੀ ਖਤਮ ਹੋ ਗਈ ਹੈ?

-ਕੰਪਾਈਲਰ ਲੇਖਕ - ਟੈਕਸ ਮਾਹਿਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ(ਏ.ਟੀ.ਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ 9284141425

# *ਸਰਕਾਰ ਲਾਰਿਆਂ ਲੱਪਿਆਂ ਦੀ ਨੀਤੀ ਛੱਡ ਵੋਕੇਸ਼ਨਲ ਟ੍ਰੇਨਰ ਐਨ ਐਸ ਕਿਉਂ ਐਫ਼ ਦੇ ਮਸਲਿਆਂ ਦਾ ਕਰੇ ਹੱਲ, ਵੋਕੇਸ਼ਨਲ ਟੀਚਰਜ ਫਰੰਟ*

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com



ਮਾਨਸਾ 14ਮਈ (ਆਤਮਾ ਸਿੰਘ ਪਮਾਰ) ਐਨ ਐਸ ਕਿਉਂ ਐਫ਼ ਦੇ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਭੀਖੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੋਕੇਸ਼ਨਲ ਟੀਚਰਜ ਫ੍ਰੰਟ ਪੰਜਾਬ ਵੱਲੋਂ ਸਰਕਾਰ ਖ਼ਿਲਾਫ ਲਗਾਤਾਰ ਕੀਤੇ ਜਾ ਰਹੇ ਸੰਘਰਸ਼ ਦੇ ਸਦਕਾ 24 ਅਪ੍ਰੈਲ ਨੂੰ ਕੈਬਨਿਟ ਸਬ ਕਮੇਟੀ ਨਾਲ ਮੀਟਿੰਗ ਕੀਤੀ ਗਈ l ਮੀਟਿੰਗ ਵਿਚ ਐਨ ਐਸ ਕਿਉਂ ਐਫ਼ ਵੋਕੇਸ਼ਨਲ ਦੇ ਮੁੱਦਿਆਂ ਨੂੰ ਸੁਲਝਾਉਣ ਲਈ ਕੈਬਨਿਟ ਕਮੇਟੀ ਨੇ 20 ਦਿਨਾਂ ਦਾ ਸਮਾ ਮੰਗਿਆ ਗਿਆ ਹੈ l ਪ੍ਰੰਤੂ ਡਿਪਾਰਟਮੈਂਟ ਵੱਲੋਂ ਮੁੱਦਿਆਂ ਦੇ ‘ਤੇ ਦਿਤੇ ਮੰਗ ਪੱਤਰ ਉਪਰ ਵੀ ਕੋਈ ਠੋਸ ਕਾਰਵਾਈ ਨਹੀ ਹੋਈ l ਇਸ ਸੰਬੰਧ ‘ਚ ਫ੍ਰੰਟ ਦੇ ਆਗੂਆਂ ਵੱਲੋਂ ਵਰਚੁਅਲ ਮੀਟਿੰਗ ਕੀਤੀ ਗਈ ਅਤੇ ਉਹਨਾਂ ਨੇ ਦੱਸਿਆ ਕਿ ਸਰਕਾਰ ਮੀਟਿੰਗ ਦੇ ਨਾਂ ਉਤੇ ਡੰਗ ਟਪਾਉ ਨੀਤੀ ਅਪਣਾ ਰਹੀ ਹੈ l ਜੇਕਰ ਸਰਕਾਰ ਵੱਲੋਂ ਜਲਦ ਵੋਕੇਸ਼ਨਲ ਟ੍ਰੇਨਰ ਦੇ ਮੁੱਦਿਆਂ ਨੂੰ ਹੱਲ ਨਹੀਂ ਕੀਤਾ ਤਾਂ ਲੁਧਿਆਣਾ ਜ਼ਿਮਨੀ ਚੋਣਾਂ ਦੌਰਾਨ ਆਪ ਸਰਕਾਰ ਦੀਆਂ ਝੂਠੀਆਂ ਗਰੰਟੀਆਂ ਲਈ ਪੋਲ ਖੋਲ੍ਹ ਰੈਲੀ ਕੀਤੀ ਜਾਵੇਗੀ l ਲੋਕਾਂ ਨੂੰ ਦੱਸਿਆ ਜਾਵੇਗਾ ਕਿ ਇਹ ਪੰਜਾਬ ਸਰਕਾਰ ਦਾ ਝੂਠਾ ਸਿੱਖਿਆ ਮਾਡਲ ਹੈ l ਜੱਥੇਬੰਦੀ ਦੇ ਜ਼ਿਲ੍ਹਾ ਵਿੱਤ ਸਕੱਤਰ ਨਰਪਿੰਦਰ ਸਿੰਘ ਮੋਹਲ ਨੇ ਕਿਹਾ ਕਿ ਜਿਹੜੇ ਮੁੱਖ ਮੰਤਰੀ ਚੋਣਾਂ ਤੋਂ ਪਹਿਲਾ ਬੋਲਦੇ ਸੀ ਕਿ ਸਾਡੀ ਸਰਕਾਰ ਆਉਣ ਤੇ ਕਿਸੇ ਵੀ ਮੁਲਾਜ਼ਮ ਨੂੰ ਧਰਨਾ, ਰੈਲੀ ਨਹੀਂ ਕਰਨੀ ਪਵੇਗੀ ਅੱਜ ਸਾਰੇ ਕੱਚੇ ਮੁਲਾਜ਼ਮ ਸੜਕਾਂ ‘ਤੇ ਉਤਰੇ ਹੋਏ ਹਨ l ਫਰੰਟ ਦੇ ਆਗੂਆਂ ਨੇ ਕਿਹਾ ਕਿ ਉਹਨਾਂ ਦੀ ਮੁੱਖ ਮੰਗ ਹਰਿਆਣਾ ਦੀ ਤਰਜ਼ ਤੇ ਤਨਖਾਹ 35075 ਰੁਪਏ ਕੀਤੀ ਜਾਵੇ ਅਤੇ ਜੌਬ ਸੁਰੱਖਿਆ ਦੀ ਗਾਰੰਟੀ ਦਿੱਤੀ ਜਾਵੇ l ਵੋਕੇਸ਼ਨਲ ਅਧਿਆਪਕ ਪਿਛਲੇ 11 ਸਾਲਾਂ ਤੋਂ ਬਹੁਤ ਹੀ ਨਿਗੂਣੀ ਤਨਖਾਹ ਤੇ ਸਰਕਾਰੀ ਸਕੂਲਾਂ ਵਿਚ ਕੰਮ ਕਰ ਰਹੇ ਹਨ l ਜ਼ਿਲ੍ਹਾ ਦੇ ਜਨਰਲ ਸਕੱਤਰ ਰਾਜ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਵਿਚ ਵਾਅਦਾ ਕੀਤਾ ਸੀ ਕਿ ਸਰਕਾਰ ਆਉਣ ਤੇ ਆਊਟਸੋਰਸਿੰਗ ,ਠੇਕੇਦਾਰੀ ਸਿਸਟਮ ਨੂੰ ਖਤਮ ਕੀਤਾ ਜਾਵੇਗਾ l ਪਰ ਸਰਕਾਰ ਦੇ ਤਿੰਨ ਸਾਲ ਬੀਤਣ ਦੇ ਬਾਅਦ ਕਿਸੇ ਵੀ ਮੰਗ ਦਾ ਹੱਲ ਨਹੀਂ ਹੋਇਆ l ਇਸ ਮੌਕੇ ਲਾਭ ਸਿੰਘ, ਜਸਪਾਲ ਸਿੰਘ, ਮਨਜੀਤ ਸਿੰਘ, ਸਰਬਜੀਤ ਸਿੰਘ, ਅਵਤਾਰ ਸਿੰਘ, ਬਲਜੀਤ ਕੌਰ, ਅਰਸ਼ਦੀਪ ਕੌਰ, ਕੁਲਵਿੰਦਰ ਕੌਰ, ਕਿਰਨ ਬਾਲਾ, ਵਰਿੰਦਰ, ਸੁਖਦੀਪ, ਗੁਰਦੀਪ, ਆਦਿ ਆਗੂ ਵੀ ਹਾਜ਼ਰ ਸਨ।

# ਡਾ: ਭੀਮ ਰਾਓ ਅੰਬੇਡਕਰ ਯੂਥ ਟਰੱਸਟ ਬਾਦਲਗੜ੍ਹ ਵੱਲੋਂ ਮਹਾਤਮਾ ਬੁੱਧ ਜੈਅੰਤੀ ਸਮਾਗਮ ਕਰਵਾਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com



ਰਤੀਆ (ਸੁਨੀਲ ਕੁਮਾਰ) ਅੱਜ ਡਾ. ਭੀਮ ਰਾਓ ਅੰਬੇਡਕਰ ਯੂਥ ਟਰੱਸਟ ਬਾਦਲਗੜ੍ਹ ਵੱਲੋਂ ਮਹਾਤਮਾ ਬੁੱਧ ਜਯੰਤੀ ਸਮਾਗਮ ਕਰਵਾਏ ਗਏ ਜਿਸ ਵਿੱਚ ਸਰਪੰਚ ਸਤਿਗੁਰੂ ਜੀ ਚਾਹਲ ਅਤੇ ਬਲਾਕ ਸਮਿਤੀ ਮੈਂਬਰ ਅਮਨ ਮੁੱਖ ਮਹਿਮਾਨ ਵਜੋਂ ਪਹੁੰਚੇ। ਸਭਾ ਦੇ ਪ੍ਰਧਾਨ ਗੁਰਪ੍ਰੀਤ ਦੀ ਅਗਵਾਈ ਹੇਠ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਮਹਾਤਮਾ ਬੁੱਧ ਦੀ ਮੂਰਤੀ ਨੂੰ ਫੁੱਲ ਭੇਟ ਕੀਤੇ ਗਏ ਅਤੇ ਪਿੰਡ ਦੀ ਹੋਣਹਾਰ ਧੀ ਸਿਮਰਨ ਕੌਰ, ਜਿਸਨੇ ਰਾਜ ਪੱਧਰ ‘ਤੇ ਸਕੂਲ ਦੌੜ ਮੁਕਾਬਲੇ ਵਿੱਚ ਹਿੱਸਾ ਲਿਆ ਸੀ, ਨੂੰ ਯਾਦਗਾਰੀ ਚਿੰਨ੍ਹ, ਜੁੱਤੀਆਂ ਦੀ ਜੋੜੀ ਅਤੇ ਪੰਜ ਸੌ ਰੁਪਏ ਨਕਦ ਦੇ ਕੇ ਸਨਮਾਨਿਤ ਕੀਤਾ ਗਿਆ। ਸਭਾ ਦੇ ਪ੍ਰਧਾਨ ਗੁਰਪ੍ਰੀਤ ਨੇ ਭਗਵਾਨ ਬੁੱਧ ਦੇ ਜੀਵਨ ਬਾਰੇ ਦੱਸਿਆ ਅਤੇ ਉਨ੍ਹਾਂ ਦੁਆਰਾ ਦਿੱਤੇ ਗਏ ਮਨੁੱਖਤਾ ਦੇ ਸੰਦੇਸ਼ ‘ਤੇ ਚਾਨਣਾ ਪਾਇਆ ਅਤੇ ਸਾਰਿਆਂ ਨੂੰ ਬੁੱਧ ਦੁਆਰਾ ਦਰਸਾਏ ਮਾਰਗ ‘ਤੇ ਚੱਲਣ ਦਾ ਸੱਦਾ ਦਿੱਤਾ ਤਾਂ ਜੋ ਸਮਾਜ ਵਿੱਚ ਸ਼ਾਂਤੀ ਅਤੇ ਸਦਭਾਵਨਾ ਬਣੀ ਰਹੇ। ਸਰਪੰਚ ਸਤਿਗੁਰੂ ਚਾਹਲ ਨੇ ਕਿਹਾ ਕਿ ਨੌਜਵਾਨ ਕਿਸੇ ਦੇਸ਼ ਦੇ ਰਖਵਾਲੇ ਹੁੰਦੇ ਹਨ ਅਤੇ ਕਿਸੇ ਵੀ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਨੌਜਵਾਨਾਂ ‘ਤੇ ਨਿਰਭਰ ਕਰਦੀ ਹੈ, ਇਸ ਲਈ ਨੌਜਵਾਨਾਂ ਨੂੰ ਮਹਾਂਪੁਰਖਾਂ ਦੇ ਦਿਖਾਏ ਮਾਰਗ ‘ਤੇ ਚੱਲ ਕੇ ਦੇਸ਼ ਨੂੰ ਅੱਗੇ ਵਧਾਉਣਾ ਚਾਹੀਦਾ ਹੈ। ਇਸ ਸਮੇਂ ਮਾਣਕ, ਮਨਦੀਪ, ਗੱਗੂ, ਵਤਨਦੀਪ, ਗੁਰਸੇਵਕ, ਗੁਰਪ੍ਰੀਤ ਮਾਸਟਰ, ਗੌਰਵ ਸੈਨੀ, ਅੰਮ੍ਰਿਤਪਾਲ, ਗੁਰਪ੍ਰੀਤ ਅਤੇ ਇਕੱਠ ਦੇ ਹੋਰ ਮੈਂਬਰ ਮੌਜੂਦ ਸਨ।

# ਆਤਮਾ ਸਿੰਘ ਪਮਾਰ ਦੀ ਪੁਸਤਕ ਹਰਫਾਂ ਦੀ ਨਸ਼ਤਰ ‘ਤੇ ਵਿਚਾਰ ਚਰਚਾ18 ਨੂੰ- ਅਮਨਦੀਪ ਸ਼ਰਮਾ

## ਪੁਸਤਕ ‘ਚ ਸਮਾਜਿਕ ਅਤੇ ਰਾਜਨੀਤਕ ਵਿਸੰਗਤੀਆਂ ਨੂੰ ਕੀਤਾ ਗਿਆ ਹੈ ਰੂਪਮਾਨ -ਰਜਿੰਦਰ ਮੋਨੀ ਵਰਮਾ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com

ਮਾ ਨ ਸਾ / ਬੁ ਢ ਲਾ ਡਾ 14ਮਈ ( ਪ ਪ) ਆਤਮਾ ਸਿੰਘ ਪਮਾਰ ਦੀ ਦੂਸਰੀ ਪੁਸਤਕ ਹਰਫਾਂ ਦੀ ਨਸ਼ਤਰ ਤੇ ਵਿਚਾਰ ਚਰਚਾ 18 ਮਈ ਨੂੰ ਪੰਜਾਬੀ ਸਾਹਿਤ ਕਲਾ ਮੰਚ ਰਜਿਸਟਰਡ ਮਾਨਸਾ ਵੱਲੋਂ ਕਰਵਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਇਹ ਪਮਾਰ ਦੀ ਦੂਸਰੀ ਪੁਸਤਕ ਹੈ। ਇਸ ਪੁਸਤਕ ਤੇ ਵੱਖ-ਵੱਖ ਬੁਲਾਰਿਆਂ ਵੱਲੋਂ ਵਿਚਾਰ ਚਰਚਾ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਇਸ ਪੁਸਤਕ ਬਾਰੇ ਵਿਸਥਾਰ ਪੂਰਵਕ ਗੱਲਬਾਤ ਡਾ. ਕਰਨੈਲ ਸਿੰਘ ਵੈਰਾਗੀ ਲੈਕਚਰਾਰ ਡਾਈਟ ਕਰਨਗੇ। ਮੰਚ ਦੇ ਉਪ ਪ੍ਰਧਾਨ ਰਜਿੰਦਰ ਮੋਨੀ ਵਰਮਾ ਨੇ ਦੱਸਿਆ ਕਿ ਉਹਨਾਂ ਨੇ ਇਹ ਪੁਸਤਕ ਆਪਣੇ ਲੰਬੇ ਜੀਵਨ ਤਜਰਬੇ ਚੋਂ ਸਮਾਜ, ਅਤੇ ਰਾਜਨੀਤਕ ਖੇਤਰ ਤੋਂ ਇਲਾਵਾ ਰੋਜ਼ ਮਰਾ ਦੇ ਜੀਵਨ ਵਿਚਲੇ ਵਰਤਾਰਿਆਂ ਅਤੇ ਵਿਸੰਗਤੀਆਂ ‘ਨੂੰ ਅਧਾਰ ਬਣਾ ਕੇ ਲਿਖੀ ਹੈ, ਉਮੀਦ ਕੀਤੀ ਜਾ ਸਕਦੀ ਹੈ ਇਹ ਪੁਸਤਕ ਪਾਠਕਾਂ ਨੂੰ ਸਹੀ ਸੇਧ ਦੇਣ ‘ਚ ਸਫਲਤਾ ਹਾਸਲ ਕਰੇਗੀ।। ਉਹਨਾਂ ਕਿਹਾ ਕਿ ਇਸ ਕਿਤਾਬ ਤੇ ਵਿਚਾਰ ਚਰਚਾ ਵਿੱਚ ਡਾ. ਵੇਰਾਗੀ ,ਦਿਲਬਾਗ ਸਿੰਘ ਰਿਉਂਦ ਕਲਾਂ,,ਕਮਲ ਬੁਢਲਾਡਾ, ਪ੍ਰਵੀਨ ਕੁਮਾਰ ਬਲਿਆਲ, ਗੁਲਜਾਰ ਡੋਗਰਾ, ਰਜਿੰਦਰ ਸਿੰਘ ਆਦਿ ਵਿਸਥਾਰਿਤ ਚਰਚਾ ਕਰਨਗੇ।

# ਸਰਸਵਤੀ ਵਿੱਦਿਆ ਮੰਦਿਰ ਸਕੂਲ ਦੇ ਵਿਦਿਆਰਥੀਆਂ ਦਾ ਬਾਰਵੀਂ ਕਲਾਸ ਦੇ ਨਤੀਜੇ ਵਿੱਚੋ ਸ਼ਾਨਦਾਰ ਪ੍ਰਦਰਸ਼ਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com




ਲੌਂਗੋਵਾਲ,14 ਮਈ (ਜਗਸੀਰ ਸਿੰਘ)- ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸਰਸਵਤੀ ਵਿਦਿਆ ਮੰਦਿਰ ਸੀਨੀਅਰ ਸੈਕੰਡਰੀ ਸਕੂਲ ਸ਼ਾਹਪੁਰ ਰੋਡ ਚੀਮਾ ਮੰਡੀ ਸੀਬੀਐਸਈ ਵੱਲੋਂ ਐਲਾਨੇ ਗਏ ਬਾਰਵੀਂ ਕਲਾਸ ਦੇ ਨਤੀਜਿਆਂ ਵਿੱਚੋਂ ਪੁਜੀਸ਼ਨਾਂ ਹਾਸਿਲ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ। ਵਧੇਰੇ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਰਕੇਸ਼ ਕੁਮਾਰ ਗੋਇਲ ਨੇ ਦੱਸਿਆ ਕਿ ਰਿਸ਼ਵ ਸਿੰਗਲਾ ਨਾਨ ਮੈਡੀਕਲ ਅਤੇ ਅਰੁਣ ਲਾਲ ਚੋਪੜਾ ਨੇ ਕਮਰਸ ਗਰੁੱਪ ਵਿੱਚੋਂ 95% ਅੰਕ ਹਾਸਿਲ ਕਰਕੇ ਪਹਿਲੀ ਪੁਜੀਸ਼ਨ, ਸੁਪ੍ਰੀਤ ਕੌਰ 94.4% ਅੰਕ ਲੈ ਕੇ ਦੂਸਰੇ ਸਥਾਨ ਈਸ਼ਾਂਸ਼ ਗੋਇਲ 93.4% ਸ਼ਮਨਪ੍ਰੀਤ ਕੌਰ 92.6%ਦਿਲਪ੍ਰੀਤ ਕੌਰ 92.2%,ਦ੍ਰਿਤੀ ਸਿੰਗਲਾ 92.6% ਦੀਆ 92.2%, ਸਰਗਮ 92% ਅੰਕ ਹਾਸਲ ਕਰਕੇ ਪੁਜੀਸ਼ਨਾ ਹਾਸਿਲ ਕੀਤੀਆਂ ਹਨ।

# ਆਉਣ ਵਾਲੇ ਬਰਸਾਤੀ ਮੌਸਮ ਦੇ ਮੱਦੇਨਜ਼ਰ, ਜਨ ਸਿਹਤ ਅਤੇ ਸਿਹਤ ਵਿਭਾਗ ਨੇ ਸ਼ਹਿਰ ਵਿੱਚ ਪਾਣੀ ਦੇ ਨਮੂਨੇ ਲਏ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com



ਰਤੀਆ (ਸੁਨੀਲ ਕੁਮਾਰ) ਆਉਣ ਵਾਲੇ ਬਰਸਾਤੀ ਅਤੇ ਗਰਮੀਆਂ ਦੇ ਮੌਸਮ ਦੇ ਮੱਦੇਨਜ਼ਰ, ਜਨ ਸਿਹਤ ਅਤੇ ਸਿਹਤ ਵਿਭਾਗ ਵੱਲੋਂ ਅੱਜ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਤੋਂ ਪੀਣ ਵਾਲੇ ਪਾਣੀ ਦੇ ਨਮੂਨੇ ਲਏ ਗਏ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਿਹਤ ਵਿਭਾਗ ਦੇ ਇੰਸਪੈਕਟਰ ਰਾਜੇਸ਼ ਸ਼ਯੋਕੰਦ ਨੇ ਦੱਸਿਆ ਕਿ ਮੌਜੂਦਾ ਗਰਮੀ ਅਤੇ ਆਉਣ ਵਾਲੇ ਬਰਸਾਤ ਦੇ ਮੌਸਮ ਦੇ ਮੱਦੇਨਜ਼ਰ, ਅੱਜ ਰਤੀਆ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਤੋਂ ਪੀਣ ਵਾਲੇ ਪਾਣੀ ਦੇ ਨਮੂਨੇ ਲਏ ਜਾ ਰਹੇ ਹਨ ਅਤੇ ਪਾਣੀ ਵਿੱਚ ਕਲੋਰੀਨ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਾਣੀ ਦੇ ਨਮੂਨੇ ਜਾਂਚ ਲਈ ਲੈਬ ਵਿੱਚ ਭੇਜੇ ਜਾਣਗੇ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਲੋਕਾਂ ਨੂੰ ਚੰਗੀ ਗੁਣਵੱਤਾ ਵਾਲਾ ਪਾਣੀ ਮਿਲ ਰਿਹਾ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਆਉਣ ਵਾਲੇ ਗਰਮੀਆਂ ਦੇ ਮੌਸਮ ਵਿੱਚ ਪਾਣੀ ਦੀ ਖਪਤ ਵੱਧ ਜਾਂਦੀ ਹੈ, ਇਸ ਲਈ ਦੋਵਾਂ ਵਿਭਾਗਾਂ ਦੀ ਸਾਂਝੀ ਟੀਮ ਵੱਲੋਂ ਸੈਂਪਲ ਲਏ ਗਏ ਹਨ, ਕਿਉਂਕਿ ਗਰਮੀਆਂ ਦੇ ਮੌਸਮ ਵਿੱਚ ਉਲਟੀਆਂ ਅਤੇ ਦਸਤ ਵਰਗੀਆਂ ਬਿਮਾਰੀਆਂ ਫੈਲਣ ਦਾ ਡਰ ਹੁੰਦਾ ਹੈ, ਇਸ ਲਈ ਪਾਣੀ ਦੀ ਗੁਣਵੱਤਾ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਲੋਕਾਂ ਨੂੰ ਸ਼ੁੱਧ ਪੀਣ ਵਾਲਾ ਪਾਣੀ ਮਿਲ ਸਕੇ। ਉਨ੍ਹਾਂ ਕਿਹਾ ਕਿ ਇਹ ਸੈਂਪਲਿੰਗ 4 ਤੋਂ 5 ਮਹੀਨਿਆਂ ਤੱਕ ਜਾਰੀ ਰਹੇਗੀ, ਅਤੇ ਅਗਲੇ ਹਫ਼ਤੇ ਸ਼ਹਿਰ ਦੇ ਵੱਖ-ਵੱਖ ਹੋਰ ਇਲਾਕਿਆਂ ਤੋਂ ਪਾਣੀ ਦੇ ਸੈਂਪਲ ਲਏ ਜਾਣਗੇ ਅਤੇ ਉਨ੍ਹਾਂ ਇਲਾਕਿਆਂ ਦੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਦੀ ਜਾਂਚ ਕੀਤੀ ਜਾਵੇਗੀ।

# 30 ਲੱਖ ਰੁਪਏ ਦੀ ਲਾਗਤ ਨਾਲ ਦੋ ਮੁੱਖ ਸੜਕਾਂ ਦੀ ਉਸਾਰੀ ਦੇ ਕੰਮ ਦੀ ਹੋਈ ਸ਼ੁਰੂਆਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com



ਫਗਵਾੜਾ 14 ਮਈ (ਸ਼ਿਵ ਕੌੜਾ) ਫਗਵਾੜਾ ਹਲਕੇ ਦੇ ਪਿੰਡ ਪਾਂਸ਼ਟ ਵਿਖੇ ਕਰੀਬ 30 ਲੱਖ ਰੁਪਏ ਦੀ ਲਾਗਤ ਨਾਲ ਅੱਜ ਮੁੱਖ ਸੜਕਾਂ ਦੀ ਉਸਾਰੀ ਦੇ ਕੰਮ ਦੀ ਸ਼ੁਰੂਆਤ ਲੋਕਸਭਾ ਹਲਕਾ ਹੁਸ਼ਿਆਰਪੁਰ ਤੋਂ ਆਪ ਪਾਰਟੀ ਦੇ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਵਲੋਂ ਸਾਂਝੇ ਤੌਰ ਤੇ ਕਰਵਾਈ ਗਈ। ਜੋਗਿੰਦਰ ਸਿੰਘ ਮਾਨ ਨੇ ਦੱਸਿਆ ਕਿ ਰਾਵਲਪਿੰਡੀ ਤੋਂ ਮਾਇਓਪੱਟੀ ਰੋਡ ਦੀ ਉਸਾਰੀ 25.97 ਲੱਖ ਦੀ ਲਾਗਤ ਨਾਲ ਅਤੇ ਸਰਕਾਰੀ ਹਾਈ ਸਕੂਲ ਪਾਂਸ਼ਟ ਤੋਂ ਨਹਿਰ ਤੱਕ 4.15 ਲੱਖ ਦੀ ਲਾਗਤ ਨਾਲ ਸੜਕ ਦੀ ਉਸਾਰੀ ਕਰਵਾਈ ਜਾ ਰਹੀ ਹੈ। ਉਹਨਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਦਾ ਇਕੋ ਟੀਚਾ ਪਿੰਡਾਂ ਨੂੰ ਸ਼ਹਿਰਾਂ ਦੀ ਤਰਜ ‘ਤੇ ਵਿਕਸਤ ਕਰਨਾ ਹੈ। ਜਿਸ ਵਿੱਚ ਪਿੰਡਾਂ ਨੂੰ ਲਗਦੇ ਮੁੱਖ ਪਹੁੰਚ ਮਾਰਗਾਂ ਦੀਆਂ ਉਸਾਰੀਆਂ ਕਰਵਾਈਆਂ ਜਾ ਰਹੀਆਂ ਹਨ। ਉਹਨਾਂ ਪਿੰਡ ਪਾਸ਼ਟ ਦਾ ਸਮੁੱਚਾ ਵਿਕਾਸ ਕਰਵਾਉਣ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਜਿੰਨਾ ਵਿਕਾਸ ਭਗਵੰਤ ਮਾਨ ਸਰਕਾਰ ਵਲੋਂ ਪੰਜਾਬ ਦੇ ਪੇਂਡੂ ਖੇਤਰਾਂ ਦਾ ਕਰਵਾਇਆ ਗਿਆ ਹੈ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਇਹ ਵਿਕਾਸ ਦੀ ਹਨ੍ਹੇਰੀ ਅੱਗੇ ਵੀ ਜਾਰੀ ਰਹੇਗੀ। ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਨੇ ਵੀ ਕਿਹਾ ਕਿ ਫਗਵਾੜਾ ਹਲਕੇ ਦੇ ਸਮੁੱਚੇ ਪਿੰਡਾਂ ਦਾ ਲੋੜੀਂਦਾ ਵਿਕਾਸ ਮੈਰਿਟ ਦੇ ਅਧਾਰ ਤੇ ਕਰਵਾਇਆ ਜਾ ਰਿਹਾ ਹੈ। ਜਿਸ ਦੇ ਲਈ ਲਗਾਤਾਰ ਯਤਨ ਜਾਰੀ ਹਨ। ਗ੍ਰਾਂਟ ਦੀ ਬਿਲਕੁਲ ਘਾਟ ਨਹੀਂ ਹੋਣ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਡਾ. ਚੱਬੇਵਾਲ ਅਤੇ ਜੋਗਿੰਦਰ ਸਿੰਘ ਮਾਨ ਦਾ ਪਿੰਡ ਪਾਂਸ਼ਟ ਪੁੱਜਣ ‘ਤੇ ਸੁਰਜੀਤ ਸਿੰਘ ਸਾਬਕਾ ਸਰਪੰਚ ਅਤੇ ਕੁਲਵੰਤ ਕੌਰ ਸਰਪੰਚ ਦੀ ਅਗਵਾਈ ਹੇਠ ਸਮੂਹ ਪਿੰਡ ਵਾਸੀਆਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਪਿੰਡ ਦੇ ਪਤਵੰਤਿਆਂ ਨੇ ਉਕਤ ਸੜਕਾਂ ਦੀ ਉਸਾਰੀ ਸ਼ੁਰੂ ਕਰਵਾਉਣ ਲਈ ਜੋਗਿੰਦਰ ਸਿੰਘ ਮਾਨ, ਡਾ. ਚੱਬੇਵਾਲ ਅਤੇ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਕਿਰਪਾਲ ਸਿੰਘ ਖਲਿਆਣ, ਇੰਦਰਜੀਤ ਸਿੰਘ, ਜਗਦੀਸ਼ ਸਿੰਘ, ਅਮਰਜੀਤ ਸਿੰਘ ਸਾਬਕਾ ਸਰਪੰਚ, ਮਲਕੀਤ ਸਿੰਘ ਸਾਬਕਾ ਸਰਪੰਚ, ਨਛੱਤਰ ਸਿੰਘ ਸਰਪੰਚ ਰਣਧੀਰਗੜ੍ਹ, ਨਰਿੰਦਰ ਕੁਮਾਰ ਪਰਮਾਰ ਆਦਿ ਹਾਜਰ ਸਨ।

# ਸਰਕਾਰੀ ਸੀਨੀ.ਸੈਕ. ਸਕੂਲ (ਕੰਨਿਆ) ਭਵਾਨੀਗੜ੍ਹ ਦਾ ਬਾਰਵੀਂ ਕਲਾਸ ਦਾ ਨਤੀਜਾ ਰਿਹਾ ਸ਼ਾਨਦਾਰ

## ਸਕੂਲ ਦੀ ਵਿਦਿਆਰਥਣ ਇਮਾਨਤ ਕੌਰ ਨੇ 500 ਵਿੱਚੋਂ 486 ਅੰਕ ਪ੍ਰਾਪਤ ਕਰਕੇ ਮੈਰਿਟ ਸੂਚੀ ਵਿੱਚ ਕਰਵਾਇਆ ਨਾਮ ਦਰਜ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 94636 01616 hardipchumber57@gmail.com

ਭਵਾਨੀਗੜ੍ਹ,14 ਮਈ (ਜਗਸੀਰ ਲੌਂਗੋਵਾਲ)- ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਅੱਜ ਘੋਸ਼ਿਤ ਕੀਤੇ ਗਏ ਬਾਰਵੀਂ ਸ਼੍ਰੇਣੀ ਦੇ ਨਤੀਜਿਆ ਬਾਰੇ ਦੱਸਦਿਆਂ ਪ੍ਰਿੰਸੀਪਲ ਡਾਕਟਰ ਬਲਵਿੰਦਰ ਸਿੰਘ ਬੋਪਾਰਾਏ ਨੇ ਦੱਸਿਆ ਕਿ ਪੀ ਐਮ ਸ੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕਡਰੀ ਸਕੂਲ ਭਵਾਨੀਗੜ੍ਹ(ਜ਼ਿਲ੍ਹਾ ਸੰਗਰੂਰ)ਦੀ ਵਿਦਿਆਰਥਣ ਇਮਾਨਤ ਕੌਰ ਪੁੱਤਰੀ ਸ. ਪਵਿੱਤਰ ਸਿੰਘ ਅਤੇ ਪਰਮਜੀਤ ਕੌਰ ਨੇ 500 ਵਿੱਚੋਂ 486 ਅੰਕ ਲੈ ਕੇ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕੀਤਾ। ਜਿਸ ਦਾ ਸਿਹਰਾ ਇਮਾਨਤ ਕੌਰ ਦੀ ਸਖਤ ਮਿਹਨਤ ਅਤੇ ਇਸ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਹਰਵਿੰਦਰ ਪਾਲ ਮੇਤੀ, ਮੈਡਮ ਨਵਕਿਰਨ ,ਮੈਡਮ ਕਾਮਨੀ,ਮਨਜੀਤ ਸਿੰਘ,ਮੈਮ ਗੀਤਾ ਅਤੇ ਹੋਰਾਂ ਨੂੰ ਜਾਂਦਾ ਹੈ। ਇੱਥੇ ਇਹ ਦੱਸਣਾ ਬਣਦਾ ਹੈ ਕਿ ਇਸ ਵਿਦਿਆਰਥਣ ਨੇ ਗਣਿਤ ਜਿਹੇ ਗੁੰਜਲਦਾਰ ਵਿਸ਼ੇ ਵਿੱਚੋਂ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ ਇਸ ਦੀ ਇਹ ਪ੍ਰਾਪਤੀ ਤੇ ਜ਼ਿਲਾ ਸਿੱਖਿਆ ਅਫਸਰ ਸੈਕੰਡਰੀ ਸ੍ਰੀਮਤੀ ਤਰਵਿੰਦਰ ਕੌਰ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਮਨਜੀਤ ਕੌਰ ਬਲਾਕ ਨੋਡਲ ਅਫਸਰ ਮੈਡਮ ਜਸਬੀਰ ਕੌਰ ਹੈਡਮਿਸਟ੍ਰੈਸ ਬਾਲਦ ਕਲਾਂ ਵੱਲੋਂ ਮਾਣ ਮਹਿਸੂਸ ਕੀਤਾ ਜਾ ਰਿਹਾ ਹੈ ਅਤੇ ਵਿਦਿਆਰਥਣ ਦੇ ਮਾਪਿਆਂ, ਸਕੂਲ ਦੇ ਸਟਾਫ, ਐਸਐਮਸੀ ਕਮੇਟੀ ਚੇਅਰਮੈਨ ਰਾਜ ਸਿੰਘ ਅਤੇ ਮੈਂਬਰ, ਇਲਾਕੇ ਦੇ ਮੋਹਤਬਰ ਹਰਵਿੰਦਰ ਕੌਰ ਐਮ ਸੀ, ਚਰਨ ਸਿੰਘ ਚੋਪੜਾ, ਹਰਬੰਸ ਸਿੰਘ ਅਤੇ ਇਲਾਕੇ ਦੇ ਬੁਧੀਜੀਵੀਆਂ



ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਪ੍ਰਿੰਸੀਪਲ ਡਾਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਅਜਿਹੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਕਾਰਨ ਸਕੂਲ ਦੇ ਹੋਰ ਬੱਚਿਆਂ ਅਤੇ ਇਲਾਕੇ ਦੇ ਬੱਚਿਆਂ ਨੂੰ ਚੰਗੀ ਤਿਆਰੀ ਕਰਕੇ ਅੱਗੇ ਵਧਣ ਲਈ ਉਤਸ਼ਾਹ ਮਿਲਦਾ ਹੈ।

# ਐਮ.ਐਲ.ਜੀ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਦਾ ਦਸਵੀਂ ਤੇ ਬਾਰ੍ਹਵੀਂ ਕਲਾਸ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 94636 01616 hardipchumber57@gmail.com

ਚੀਮਾ ਮੰਡੀ,14 ਮਈ ( ਜਗਸੀਰ ਲੌਂਗੋਵਾਲ)- ਇਲਾਕੇ ਦੀ ਨਾਮਵਰ ਸੰਸਥਾ ਐਮ ਐਲ ਜੀ ਕਾਨਵੈਂਟ ਸਕੂਲ (ਸੀ ਬੀ ਐਸ ਸੀ ਨਵੀ ਦਿੱਲੀ ਤੋਂ ਮਾਨਤਾ ਪ੍ਰਾਪਤ) ਦੇ ਕੈਂਪਸ ਵਿੱਚ ਦਸਵੀਂ ਅਤੇ ਬਾਰਵੀਂ ਕਲਾਸ ਵਿੱਚੋਂ ਅਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।




ਸੀ.ਬੀ.ਐਸ.ਈ ਨੇ 10ਵੀਂ ਅਤੇ 12ਵੀਂ ਜਮਾਤ ਦੀ ਬੋਰਡ ਪ੍ਰੀਖਿਆ 2024-25 ਦੇ ਨਤੀਜੇ ਦਾ ਐਲਾਨ ਕਰ ਦਿੱਤਾ ਹੈ ਅਤੇ ਐਮ ਐਲ ਜੀ ਕਾਨਵੈਂਟ ਸਕੂਲ, ਚੀਮਾ ਦੇ ਵਿਦਿਆਰਥੀ ਚਮਕਦੇ ਹੋਏ ਸਾਹਮਣੇ ਆਏ ਹਨ। ਸਕੂਲ ਪ੍ਰਿੰਸੀਪਲ ਡਾ. ਵਿਕਾਸ ਸੂਦ ਜੀ ਨੇ ਦੱਸਿਆ ਕਿ ਸੀ.ਬੀ.ਐਸ.ਈ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਕਲਾਸ ਦਸਵੀਂ ਦਾ ਦੂਸਰਾ ਅਤੇ ਬਾਰ੍ਹਵੀਂ ਦਾ ਪਹਿਲਾ ਬੈਚ ਸੀ। ਦਰਅਸਲ ਇਹ ਸਕੂਲ ਅਤੇ ਉਨਾਂ ਵਿਦਿਆਰਥੀਆਂ ਦੇ ਮਾਪਿਆਂ ਲਈ ਮਾਣ ਵਾਲੀ ਗੱਲ ਹੈ ਜਿਨ੍ਹਾਂ ਨੇ ਬੋਰਡ ਦੀ ਪ੍ਰੀਖਿਆ ਚ ਸ਼ਾਨਦਾਰ ਅੰਕ ਪ੍ਰਾਪਤ ਕੀਤੇ ਹਨ।

10ਵੀਂ ਕਲਾਸ ਦੀ ਵਿਦਿਆਰਥਣ ਰਮਨਪ੍ਰੀਤ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 96 ਪ੍ਰਤੀਸ਼ਤ ਅੰਕ ਹਾਸਲ ਕੀਤੇ ਤੇ ਸਕੂਲ ਦੀ ਟੌਪਰ ਬਣੀ। ਦੂਸਰੇ ਨੰਬਰ ਤੇ ਆਏ ਕੀਰਤੀ ਨੇ 93 ਪ੍ਰਤੀਸ਼ਤ ਅੰਕ ਹਾਸਲ ਕੀਤੇ। ਤੀਸਰੇ ਨੰਬਰ ਤੇ ਆਏ ਅਰਸ਼ਪ੍ਰੀਤ ਕੌਰ ਨੇ 92.04 ਪ੍ਰਤੀਸ਼ਤ ਅੰਕ ਹਾਸਲ ਕੀਤੇ। ਰਮਨਪ੍ਰੀਤ ਕੌਰ ਨੇ ਪੰਜਾਬੀ ਵਿਸ਼ੇ ਵਿਚੋ 100/100, ਸਾਇੰਸ, ਸਮਾਜਿਕ ਸਿੱਖਿਆ ਅਤੇ ਕੰਪਿਊਟਰ ਵਿੱਚੋਂ 95/100 ਨੰਬਰ ਪ੍ਰਾਪਤ ਕੀਤੇ। ਕੀਰਤੀ ਨੇ ਇੰਗਲਿਸ਼ ਵਿਸ਼ੇ ਵਿੱਚੋਂ 97/100 ਨੰਬਰ ਪ੍ਰਾਪਤ ਕੀਤੇ। ਰਮਨਪ੍ਰੀਤ ਕੌਰ ਅਤੇ ਹਰਸ਼ਰਨ ਸਿੰਘ ਨੇ ਇੰਗਲਿਸ਼ ਵਿਸ਼ੇ ਵਿੱਚੋਂ 95/100 ਨੰਬਰ ਪ੍ਰਾਪਤ ਕੀਤੇ। ਗਣਿਤ ਵਿਚ ਅਦ੍ਰਿਤ ਗਰਗ ਨੇ ਸਕੂਲ ਵਿੱਚ ਸਭ ਤੋਂ ਵੱਧ 97 ਨੰਬਰ ਪ੍ਰਾਪਤ ਕੀਤੇ। ਦਸਵੀਂ ਕਲਾਸ ਕੁੱਲ 33 ਬੱਚਿਆ ਨੇ ਪੇਪਰ ਦਿੱਤੇ, ਜਿਸ ਵਿੱਚੋਂ 4 ਬੱਚਿਆਂ ਨੇ 90% ਤੋਂ ਵੱਧ ਅਤੇ 15 ਬੱਚਿਆਂ ਨੇ 80% ਤੋਂ ਵੱਧ ਨੰਬਰ ਅੰਕ ਪ੍ਰਾਪਤ ਕੀਤੇ। ਪੰਜਾਬੀ ਵਿਸ਼ੇ ਵਿੱਚ 04 ਬੱਚਿਆ ਨੇ 100/100, 05 ਬੱਚਿਆਂ ਨੇ 99/100 ਅਤੇ 05 ਬੱਚਿਆਂ ਨੇ 98/100 ਅੰਕ ਪ੍ਰਾਪਤ ਕੀਤੇ। ਅੰਗਰੇਜ਼ੀ ਵਿਸ਼ੇ ਵਿੱਚ 12, ਕੰਪਿਊਟਰ ਵਿਸ਼ੇ ਵਿੱਚ 04, ਸਾਇੰਸ ਵਿੱਸ਼ੇ ਵਿੱਚ 06, ਸਮਾਜਿਕ ਸਿੱਖਿਆ ਵਿਸ਼ੇ ਵਿੱਚ 07 ਬੱਚਿਆ ਨੇ 90% ਤੋਂ ਵੱਧ ਅੰਕ ਲੈ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਦਸਵੀਂ ਕਲਾਸ ਦਾ ਨਤੀਜਾ 100% ਰਿਹਾ।

ਬਾਰ੍ਹਵੀਂ ਕਲਾਸ ਕੁੱਲ 24 ਬੱਚਿਆ ਨੇ ਪੇਪਰ ਦਿੱਤੇ ਅਤੇ ਇਸ ਕਲਾਸ ਦਾ ਨਤੀਜਾ 96% ਰਿਹਾ। ਆਰਟਸ ਸਟ੍ਰੀਮ ਵਿੱਚ ਕੋਮਲਪ੍ਰੀਤ ਕੌਰ ਨੇ ਪਹਿਲਾ, ਦਮਨਪ੍ਰੀਤ ਕੌਰ ਨੇ ਦੂਸਰਾ ਅਤੇ ਜਸਕਰਨ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਮੈਡੀਕਲ ਸਟ੍ਰੀਮ ਵਿੱਚ ਕਮਲਜੋਤ ਕੌਰ ਨੇ ਪਹਿਲਾ, ਸੁਜਲ ਗੋਇਲ ਨੇ ਦੂਸਰਾ ਅਤੇ ਮਨਜਿੰਦਰ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਨਾਨ-ਮੈਡੀਕਲ ਸਟ੍ਰੀਮ ਵਿੱਚ ਦਰਿਸ਼ਟੀ ਬਾਂਸਲ ਨੇ ਪਹਿਲਾ, ਜੈਅੰਤ ਕੁਮਾਰ ਨੇ ਦੂਸਰਾ ਅਤੇ ਮਹਿਕਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਕਲਾਸ ਵਿੱਚ 05 ਬੱਚਿਆ ਨੇ 80 ਪ੍ਰਤੀਸ਼ਤ ਤੋਂ ਵੱਧ ਅਤੇ 05 ਬੱਚਿਆ ਨੇ 70 ਪ੍ਰਤੀਸ਼ਤ ਤੋਂ ਵੱਧ ਅੰਕ ਹਾਸਲ ਕੀਤੇ।

ਸਕੂਲ ਮੈਨੇਜਮੈਂਟ, ਨੇ ਸਮੂਹ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਜਿੰਦਗੀ ਵਿੱਚ ਐਦਾ ਹੀ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।

ਇਸ ਮੌਕੇ ਮੈਨੇਜਮੈਂਟ ਮੈਂਬਰ ਸੋਨੀਆ ਰਾਣੀ, ਮਧੂ ਰਾਣੀ, ਰਜਿੰਦਰ ਕੁਮਾਰ, ਹੈਪੀ ਕੁਮਾਰ, ਪ੍ਰਿੰਸੀਪਲ ਡਾ. ਵਿਕਾਸ ਸੂਦ ਅਤੇ ਸਮੂਹ ਸਟਾਫ ਮੌਜੂਦ ਸਨ।

# ਬੇਗਮਪੁਰਾ ਟਾਈਗਰ ਫੋਰਸ ਨੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਭੇਜਿਆ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ !

## ਸਿਵਲ ਹਸਪਤਾਲ ਵਿਖੇ ਬੰਦ ਪਏ ਆਕਸੀਜਨ ਜਨਰੇਸ਼ਨ ਪਲਾਂਟਾਂ ਨੂੰ ਅਣਗੋਲਿਆ ਕਰਨ ਵਾਲੇ ਅਧਿਕਾਰੀਆ ਤੇ ਤੁਰੰਤ ਕਾਰਵਾਈ ਕੀਤੀ ਜਾਵੇ : ਬੀਰਪਾਲ, ਹੈਪੀ, ਸਤੀਸ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ, 14 ਮਈ (ਤਰਸੇਮ ਦੀਵਾਨਾ)- ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਅਤੇ ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਸਿਵਲ ਹਸਪਤਾਲ ਵਿੱਚ ਕਰੋੜਾਂ ਰੁਪਏ ਨਾਲ ਬਣੇ ਆਕਸੀਜਨ ਜਨਰੇਸ਼ਨ ਪਲਾਂਟ ਨੂੰ ਤੁਰੰਤ ਚਾਲੂ ਕਰਨ ਲਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਹੁਸ਼ਿਆਰਪੁਰ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਾਮ ਇੱਕ ਮੰਗ ਪੱਤਰ ਭੇਜਿਆ ਗਿਆ ਮੰਗ ਪੱਤਰ ਵਿੱਚ ਉਹਨਾਂ ਕਿਹਾ ਕਿ

ਅਜੋਕੇ ਸਮੇਂ ਅੰਦਰ ਸਿਵਲ ਹਸਪਤਾਲ ਹੁਸ਼ਿਆਰਪੁਰ ਅੰਦਰ ਸਿਹਤ ਪ੍ਰਬੰਧ ਰੱਬ ਆਸਰੇ ਹੀ ਚੱਲ ਰਹੇ ਹਨ। ਇਸ ਸਬੰਧੀ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਅਤੇ ਜਿਲ੍ਹਾ ਪ੍ਰਧਾਨ



ਹੈਪੀ ਫਤਿਹਗੜ੍ਹ ਨੇ ਕਿਹਾ ਕਿ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਦੋ ਆਕਸੀਜਨ ਜਨਰੇਸ਼ਨ ਪਲਾਂਟ ਕਰੋੜਾਂ ਰੁਪਏ ਦੀ ਲਾਗਤ ਨਾਲ ਸਥਾਪਿਤ ਕੀਤੇ ਹੋਏ ਹਨ ਤਾਂ ਜੋ ਹੰਗਾਮੀ ਹਾਲਤ ਵਿੱਚ ਮਰੀਜ਼ਾਂ ਦੀ ਜਾਨ ਬਚਾਉਣ ਲਈ ਤੁਰੰਤ ਜੀਵਨ ਰੱਖਿਆ ਉਪਕਰਨਾਂ ਦੀ ਤੁਰੰਤ ਵਰਤੋਂ ਕੀਤੀ ਜਾ ਸਕੇ। ਇਸ ਮਕਸਦ ਲਈ ਆਕਸੀਜਨ ਪਹੁੰਚਾਉਣ ਲਈ ਸਿਵਲ ਹਸਪਤਾਲ ਦੇ ਸਾਰੇ ਕਮਰਿਆਂ ਵਿੱਚ ਪਾਈਪਾਂ ਰਾਹੀਂ ਸਪਲਾਈ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਦੀ ਟੀਮ ਵੱਲੋਂ ਇਸ ਆਕਸੀਜਨ ਪਲਾਂਟ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਕੀਤੇ ਦੌਰੇ ਦੌਰਾਨ ਇਹ ਵੇਖਿਆ ਗਿਆ ਕਿ ਦੋਵੇਂ ਆਕਸੀਜਨ ਜਨਰੇਸ਼ਨ ਪਲਾਂਟਾਂ ਦੀ ਤਾਲਾਬੰਦੀ ਕੀਤੀ ਹੋਈ ਹੈ ਅਤੇ ਇਹ ਕੰਮ ਕਰਨ ਦੀ ਸਥਿਤੀ ਵਿੱਚ ਨਹੀਂ ਹਨ। ਉਹਨਾਂ ਕਿਹਾ ਕਿ ਪੁੱਛ ਪੜਤਾਲ ਕਰਨ ਤੋਂ ਪਤਾ ਚੱਲਿਆ ਕਿ ਪਿਛਲੇ ਕਰੀਬ ਇੱਕ ਸਾਲ ਤੋਂ ਇਹ ਦੋਵੇਂ ਆਪ ਜੀ ਪਲਾਂਟ ਬੰਦ ਪਏ ਹੋਏ ਹਨ। ਇਹਨਾਂ ਦਾ ਮਰੀਜ਼ਾਂ ਨੂੰ ਕੋਈ ਫਾਇਦਾ ਨਹੀਂ ਹੋ ਰਿਹਾ। ਉਨਾਂ ਦੋਸ਼ ਲਗਾਇਆ ਕਿ ਹੰਗਾਮੀ ਹਾਲਤ ਵਿੱਚ ਜੀਵਨ ਰੱਖਿਅਕ ਉਪਕਰਨ ਦੋਵੇਂ ਆਕਸੀਜਨ ਪਲਾਂਟ ਲੰਬੇ ਸਮੇਂ ਤੋਂ ਵਰਤੋਂ ਵਿੱਚ ਨਾ ਹੋਣ ਕਾਰਨ ਇਹ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਮੌਜੂਦਾ ਪ੍ਰਸ਼ਾਸਕ ਸੀਨੀਅਰ ਐਸ ਐਮ ਓ ਦੀ ਕੇਵਲ ਕਾਰਜਸ਼ੈਲੀ ਹੀ ਨਹੀਂ, ਸਗੋਂ ਉਹਨਾਂ ਦੀ ਪ੍ਰਸ਼ਾਸਨਿਕ ਯੋਗਤਾ ਉੱਪਰ ਵੀ ਸਵਾਲੀਆ ਚਿੰਨ੍ਹ ਲਗਾ ਰਹੇ ਹਨ। ਉਨਾਂ ਮੰਗ ਕੀਤੀ ਕਿ ਲੰਬੇ ਸਮੇਂ ਤੋਂ ਬੰਦ ਪਏ ਇਹਨਾਂ ਆਕਸੀਜਨ ਪਲਾਂਟਾਂ ਨੂੰ ਸਮੇਂ ਸਿਰ ਠੀਕ ਨਾ ਕਰਾਉਣ ਲਈ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਗੈਰ ਜਿੰਮੇਵਾਰ ਪ੍ਰਸ਼ਾਸਕ ਤੇ ਹੋਰ ਅਧਿਕਾਰੀਆਂ ਨੂੰ ਮੌਜੂਦਾ ਸੀਟ ਤੋਂ ਤੁਰੰਤ ਪ੍ਰਭਾਵ ਨਾਲ ਹਟਾ ਕੇ ਇਹਨਾਂ ਸਭਨਾਂ ਵਿਰੁੱਧ ਸਖਤ ਵਿਭਾਗੀ ਕਾਰਵਾਈ ਅਤੇ ਜੀਵਨ ਰਖਿਅਕ ਕਰਨਾ ਨੂੰ ਠੀਕ ਕਰਾ ਕੇ ਮਰੀਜ਼ਾਂ ਦੀ ਵਰਤੋਂ ਯੋਗ ਵਿੱਚ ਲਿਆਉਣ, ਜੀਵਨ ਰੱਖਿਅਕ ਉਪਕਰਨਾਂ ਦੀ ਚੋਰੀ ਵੱਲ ਲੈ ਜਾਣ ਵਾਲੇ ਹਾਲਾਤਾਂ ਦੀ ਤੁਰੰਤ ਅਤੇ ਪੂਰੀ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਅਤੇ ਅਧਿਕਾਰੀਆਂ ਨੂੰ ਉਹਨਾਂ ਦੀ ਗੰਭੀਰ ਲਾਪਰਵਾਹੀ ਲਈ ਜਿੰਮੇਵਾਰ ਠਹਿਰਾਇਆ ਜਾਵੇ ਅਤੇ ਤੁਰੰਤ ਪ੍ਰਸ਼ਾਸਨ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਅਨਿਲ ਕੁਮਾਰ ਬੰਟੀ ਪ੍ਰਧਾਨ ਬਲਾਕ ਹਰਿਆਣਾ ਭੂੰਗਾ, ਸ਼ਨੀ ਸੀਣਾ ਪ੍ਰਧਾਨ ਬਲਾਕ ਚੱਬੇਵਾਲ, ਸਤੀਸ਼ ਕੁਮਾਰ ਸ਼ੇਰਗੜ੍ਹ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ,ਭਿੰਦਾ ਸੀਣਾ,ਸਤੀਸ਼ ਕੁਮਾਰ ਬਸੀ ਬਾਹਦ ਆਦਿ ਹਾਜ਼ਰ ਸਨ !

# ਫਾਸੀ ਤੇ ਫਿਰਕਾਪ੍ਰਸਤੀ ਤਾਕਤਾਂ ਖਿਲਾਫ਼ ਲੜਨ ਦਾ ਅਹਿਦ - ਦੌੜਕਾਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 94636 01616 hardipchumber57@gmail.com







ਬੰਗਾ _(ਚਰਨਜੀਤ ਸੱਲ੍ਹਾਂ )ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਸ਼ਹੀਦ ਕਾਮਰੇਡ ਹਰਬੰਸ ਸਿੰਘ ਬੀਕਾ ਦੀ 38ਵੀਂ ਬਰਸੀ ਮੌਕੇ ਸ਼ਹੀਦੀ ਸਮਾਗਮ ਪਿੰਡ ਬੀਕਾ (ਬੰਗਾ) ਵਿਖੇ ਸਰਵ ਸ੍ਰੀ ਹਰਪਾਲ ਸਿੰਘ ਜਗਤਪੁਰ, ਕੁਲਦੀਪ ਸਿੰਘ ਦੌੜਕਾ, ਜੀਤ ਸਿੰਘ ਬੀਕਾ,ਡਾ: ਬਲਦੇਵ ਸਿੰਘ ਬੀਕਾ ,ਬਲਦੇਵ ਸਿੰਘ ਨੂਰਪੁਰੀ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸ਼ਹੀਦ ਕਾਮਰੇਡ ਹਰਬੰਸ ਸਿੰਘ ਬੀਕਾ ਦੀ ਯਾਦਗਾਰ ਵਿਖੇ ਲਾਲ ਝੰਡਾ ਝੁਲਾਉਣ ਦੀ ਰਸਮ ਸ੍ਰੀ ਬਿਮਲ ਕਿਸ਼ੋਰ, ਸਾਬਕਾ ਸਰਪੰਚ ਪਿੰਡ ਬਖਲੌਰ ਵਲੋਂ ਨਿਭਾਈ ਗਈ। ਇਸ ਸਮੇਂ ਜ਼ਿਲ੍ਹਾ ਸਕੱਤਰ ਕਾ: ਕੁਲਦੀਪ ਸਿੰਘ ਦੌੜਕਾ ਨੇ ਸ਼ਹੀਦ ਕਾਮਰੇਡ ਹਰਬੰਸ ਸਿੰਘ ਬੀਕਾ ਨਾਲ ਬਤੀਤ ਕੀਤੇ ਸਮੇਂ ਨੂੰ ਯਾਦ ਕਰਦਿਆ , ਤਜਰਬਿਆਂ ਨੂੰ ਸਾਂਝੇ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ। ਸ੍ਰੀ ਦੌੜਕਾ ਨੇ ਪਹਿਲਗਾਮ ਵਿੱਚ ਹੋਈ ਕਤਲੇਆਮ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਅਤੇ ਫਾਸੀ ਤੇ ਫਿਰਕਾਪ੍ਰਸਤੀ ਤਾਕਤਾਂ ਖ਼ਿਲਾਫ਼ ਲੜਨ ਲਈ ਅਹਿਦ ਕਰਨ ਲਈ ਅਪੀਲ ਕੀਤੀ। ਉਹਨਾਂ ਦੇਸ਼ ਦੇ ਵਿਕਾਸ ਲਈ ਨੌਜਵਾਨ ਨੂੰ ਰੋਜ਼ਗਾਰ ਦੇਣ ਦੀ ਲੋੜ ਤੇ ਜ਼ੋਰ ਦਿੱਤਾ। ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਜਗਤਪੁਰ ਨੇ ਆਪਣੇ ਸੰਬੋਧਨ ਵਿੱਚ ਮੌਜੂਦਾ ਸਮੇਂ ਦੀ ਕੱਟੜਵਾਦੀ -ਫਿਰਕਾਪ੍ਰਸਤੀ ਦੇ ਵਹਿਸ਼ੀਪੁਣੇ ਦੀ ਵਿਸਥਾਰ ਪੂਰਵਕ ਵਿਆਖਿਆ ਕੀਤੀ ਤੇ ਇਸ ਵਿਰੁੱਧ ਲਾਮਬੰਦੀ ਹੀ ਸਹੀ ਹੱਲ ਦੱਸਿਆ ਜੋ ਸ਼ਹੀਦ ਹਰਬੰਸ ਸਿੰਘ ਬੀਕਾ ਦੁਆਰਾ ਦੱਸਿਆ ਸਹੀ ਰਾਹ ਹੈ।ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਬਲਦੇਵ ਸਿੰਘ ਨੂਰਪੁਰੀ ਨੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਾਥੀ ਹਰਬੰਸ ਸਿੰਘ ਬੀਕਾ ਵੀ ਦਿਹਾਤੀ ਮਜ਼ਦੂਰ ਸਭਾ ਦੇ ਬਾਨੀ ਆਗੂਆਂ ਵਿੱਚੋਂ ਇੱਕ ਸਨ ਜਿਨ੍ਹਾਂ ਨੇ ਮਜ਼ਦੂਰ ਜਮਾਤ ਲਈ ਦ੍ਰਿੜ ਨਾਲ ਘੋਲ ਲੜੇ। ਸ਼ਹੀਦ ਬੀਕਾ ਦੇ ਅਧੂਰੇ ਕਾਰਜਾਂ ਨੂੰ ਪੂਰੇ ਕਰਨ ਲਈ ਹਰੇਕ ਨੂੰ ਇਮਾਨਦਾਰੀ ਨਾਲ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਜਸਵੀਰ ਮੋਰੋਂ, ਹਰੀ ਬਿਲਾਸ ਹੀਉਂ, ਸੁਰਿੰਦਰ ਭੱਟੀ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ। ਇਸ ਸਮੇਂ ਕਰਨੈਲ ਚੱਕ ਬਿਲਗਾ, ਪਾਲੀ ,ਸੋਢੀ ਰਾਮ ਸਾਬਕਾ ਸਰਪੰਚ ਜਗਤਪੁਰ, ਬਲਿਹਾਰ ਸਿੰਘ ਪੰਚ ,ਬਹਾਦਰ ਬਾਗ਼,, ਡਾ: ਸੁਨੀਤਾ ਬੀਕਾ, ਹਰਨੇਕ ਬੀਕਾ , ਗੁਰਦੀਪ ਸਿੰਘ ਦੀਪਾ, ਰਮੇਸ਼ ਬੀਸਲਾ, ਬਲਵਿੰਦਰ ਰਟੈਂਡਾ, ਸਤਨਾਮ , ਲਫ਼ਕਰੀ ਮਜਾਰੀ, ਪਰਮਜੀਤ ਪੰਚ, ਵਿਜੇ ਬਘੌਰਾ, ਅਮਰਜੀਤ ਆਦਿ ਸ਼ਾਮਿਲ ਸਨ।

# ਨੀਤੀ ਦੇਸ਼ ਦੀ ਹੈ, ਸਰਕਾਰ ਦੀ ਨਹੀਂ, ਕਸ਼ਮੀਰ 'ਤੇ ਕਿਸੇ ਤੀਜੇ ਦੇਸ਼ ਦੀ ਵਿਚੋਲਗੀ ਸਵੀਕਾਰਯੋਗ ਨਹੀਂ: ਕੁਮਾਰੀ ਸ਼ੈਲਜਾ

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਮਰੀਕੀ ਰਾਸ਼ਟਰਪਤੀ ਦੇ ਦਾਅਵੇ ਦਾ ਜਵਾਬ ਸਰਬ-ਪਾਰਟੀ ਮੀਟਿੰਗ ਬੁਲਾ ਕੇ ਦੇਣਾ ਚਾਹੀਦਾ ਹੈ।, ਟਰੰਪ ਦੇ ਦਾਅਵਿਆਂ ਨੂੰ ਲੈ ਕੇ ਦੇਸ਼ ਦੇ ਲੋਕਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਹਨ, ਉਨ੍ਹਾਂ ਦੇ ਜਵਾਬ ਜ਼ਰੂਰੀ ਹਨ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ, 14 ਮਈ। (ਸੁਨੀਲ ਕੁਮਾਰ) ਆਲ ਇੰਡੀਆ ਕਾਂਗਰਸ ਕਮੇਟੀ ਦੀ ਜਨਰਲ ਸਕੱਤਰ, ਸਾਬਕਾ ਕੇਂਦਰੀ ਮੰਤਰੀ ਅਤੇ ਸਿਰਸਾ ਦੀ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਬਿਆਨ ਤੋਂ ਬਾਅਦ ਪ੍ਰਧਾਨ ਮੰਤਰੀ ਚੁੱਪ ਹਨ। ਪ੍ਰਧਾਨ ਮੰਤਰੀ ਨੇ ਟਰੰਪ ਦੇ ਬਿਆਨ ਦਾ ਕੋਈ ਜਵਾਬ ਨਹੀਂ ਦਿੱਤਾ ਹੈ। ਅਜਿਹੀ ਸਥਿਤੀ ਵਿੱਚ, ਕੀ ਇਹ ਮੰਨ ਲਿਆ ਜਾਣਾ ਚਾਹੀਦਾ ਹੈ ਕਿ ਭਾਰਤ ਨੇ ਅਮਰੀਕਾ ਦੀ ਵਿਚੋਲਗੀ ਸਵੀਕਾਰ ਕਰ ਲਈ ਹੈ? ਦੇਸ਼ ਦੀ ਨੀਤੀ ਵਿੱਚ ਕੋਈ ਬਦਲਾਅ ਨਹੀਂ ਹੋ ਸਕਦਾ ਕਿਉਂਕਿ ਨੀਤੀ ਦੇਸ਼ ਦੀ ਹੁੰਦੀ ਹੈ, ਸਰਕਾਰ ਦੀ ਨਹੀਂ। ਅਜਿਹੀ ਸਥਿਤੀ ਵਿੱਚ, ਪ੍ਰਧਾਨ ਮੰਤਰੀ ਨੂੰ ਇੱਕ ਸਰਬ-ਪਾਰਟੀ ਮੀਟਿੰਗ ਬੁਲਾ ਕੇ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ ਕਿਉਂਕਿ ਦੇਸ਼ ਦੇ ਲੋਕਾਂ ਦੇ ਮਨਾਂ ਵਿੱਚ ਉੱਠ ਰਹੇ ਸਵਾਲਾਂ ਦੇ ਜਵਾਬ ਦੇਣਾ ਜ਼ਰੂਰੀ ਹੈ।

ਮੀਡੀਆ ਨੂੰ ਜਾਰੀ ਇੱਕ ਬਿਆਨ ਵਿੱਚ, ਕੁਮਾਰੀ ਸ਼ੈਲਜਾ ਨੇ ਕਿਹਾ ਕਿ ਕਾਂਗਰਸ ਦੇ ਰਾਜ ਦੌਰਾਨ ਦੇਸ਼ ਦੀ ਨੀਤੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਦੌਰਾਨ ਵੀ ਉਹੀ ਸੀ; ਨੀਤੀ ਸਰਕਾਰ ਦੀ ਨਹੀਂ, ਸਗੋਂ ਰਾਸ਼ਟਰ ਦੀ ਹੈ। ਕਸ਼ਮੀਰ ਮੁੱਦੇ 'ਤੇ ਕਿਸੇ ਤੀਜੇ ਦੇਸ਼ ਦੀ ਵਿਚੋਲਗੀ ਕਦੇ ਵੀ ਸਵੀਕਾਰ ਨਹੀਂ ਕੀਤੀ ਗਈ ਅਤੇ ਨਾ ਹੀ ਸਵੀਕਾਰ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਨੂੰ ਟਰੰਪ ਦੇ ਕਿਸੇ ਵੀ ਬਿਆਨ ਦਾ ਜਵਾਬ ਜ਼ਰੂਰ ਦੇਣਾ ਚਾਹੀਦਾ ਸੀ ਅਤੇ ਕਿਹੜੇ ਹਾਲਾਤਾਂ ਵਿੱਚ ਟਰੰਪ ਨੂੰ ਵਿਚੋਲਗੀ ਦਾ ਅਧਿਕਾਰ ਦਿੱਤਾ ਗਿਆ ਸੀ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਅਮਰੀਕਾ ਨੇ ਆਪਣੇ ਵਪਾਰਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਨੂੰ ਜੰਗਬੰਦੀ ਲਈ ਤਿਆਰ ਕੀਤਾ। ਅਸੀਂ ਉਮੀਦ ਕਰਦੇ ਹਾਂ ਕਿ ਪ੍ਰਧਾਨ ਮੰਤਰੀ ਮੋਦੀ ਟਰੰਪ ਦੇ ਇਸ ਖੁਲਾਸੇ ਦਾ ਜਲਦੀ ਅਤੇ ਢੁਕਵਾਂ ਜਵਾਬ ਦੇਣਗੇ। ਅਮਰੀਕੀ ਰਾਸ਼ਟਰਪਤੀ ਨੇ ਦਾਅਵਾ ਕੀਤਾ ਸੀ ਕਿ ਉਹ ਕਸ਼ਮੀਰ 'ਤੇ ਵਿਚੋਲਗੀ ਕਰਨਗੇ ਪਰ ਕਸ਼ਮੀਰ 'ਤੇ ਵਿਚੋਲਗੀ ਸਾਨੂੰ ਸਵੀਕਾਰ ਨਹੀਂ ਹੈ। ਕਸ਼ਮੀਰ ਇੱਕ ਅਜਿਹਾ ਮੁੱਦਾ ਹੈ ਜਿਸ 'ਤੇ ਕੋਈ ਵੀ ਭਾਰਤੀ ਵਿਚੋਲਗੀ ਸਵੀਕਾਰ ਨਹੀਂ ਕਰ ਸਕਦਾ। ਪਿਛਲੀਆਂ ਸਾਰੀਆਂ ਸਰਕਾਰਾਂ ਨੇ ਇਹ ਯਕੀਨੀ ਬਣਾਇਆ ਕਿ ਕਸ਼ਮੀਰ ਇੱਕ ਦੁਵੱਲਾ ਮੁੱਦਾ ਹੋਵੇ ਅਤੇ ਇਸਦਾ ਅੰਤਰਰਾਸ਼ਟਰੀਕਰਨ ਸੰਭਵ ਨਾ ਹੋਵੇ।



ਸੰਸਦ ਮੈਂਬਰ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿੰਦੇ ਹਨ ਕਿ ਆਪ੍ਰੇਸ਼ਨ ਸਿੰਦੂਰ ਨੂੰ ਅਸਥਾਈ ਤੌਰ 'ਤੇ ਮੁਲਤਵੀ ਕਰ ਦਿੱਤਾ ਗਿਆ ਹੈ। ਸ਼ਾਇਦ ਇਹ ਪਹਿਲੀ ਵਾਰ ਹੈ ਜਦੋਂ ਮੈਂ ਸੁਣਿਆ ਹੈ ਕਿ ਕਦੇ ਵੀ ਅਸਥਾਈ ਤੌਰ 'ਤੇ ਜੰਗਬੰਦੀ ਹੋਈ ਹੈ। ਸਰਕਾਰ ਨੂੰ ਇਸ ਮਾਮਲੇ 'ਤੇ ਸੰਸਦ ਦਾ ਸੈਸ਼ਨ ਵੀ ਬੁਲਾਉਣਾ ਚਾਹੀਦਾ ਹੈ, ਤਾਂ ਜੋ ਇਸ ਮੁੱਦੇ 'ਤੇ ਚਰਚਾ ਹੋ ਸਕੇ, ਚੀਜ਼ਾਂ ਰਿਕਾਰਡ 'ਤੇ ਰਹਿਣ ਅਤੇ ਪੂਰਾ ਦੇਸ਼ ਜਾਣ ਸਕੇ ਕਿ ਸਰਕਾਰ ਦੀ ਨੀਤੀ ਕੀ ਹੈ? ਰਾਹੁਲ ਗਾਂਧੀ ਨੇ ਦੇਸ਼ ਨੂੰ ਕਈ ਵਾਰ ਚੇਤਾਵਨੀ ਦਿੱਤੀ। ਭਾਵੇਂ ਉਹ ਕਰੋਨਾ ਕਾਲ ਹੋਵੇ ਜਾਂ ਚੀਨ ਨਾਲ ਦੋਸਤੀ ਦਾ ਮਾਮਲਾ। ਅਜ਼ਰਬਾਈਜਾਨ ਅਤੇ ਤੁਰਕੀ ਨੇ ਖੁੱਲ੍ਹ ਕੇ ਪਾਕਿਸਤਾਨ ਦਾ ਸਮਰਥਨ ਕੀਤਾ, ਪਰ ਪਹਿਲਗਾਮ ਵਿੱਚ ਹੋਏ ਅਨਿਆਂ ਤੋਂ ਬਾਅਦ ਵੀ ਕੋਈ ਵੀ ਦੇਸ਼ ਖੁੱਲ੍ਹ ਕੇ ਸਾਡੇ ਨਾਲ ਨਹੀਂ ਖੜ੍ਹਾ ਹੋਇਆ। ਸਰਕਾਰ ਨੂੰ ਇਸਦਾ ਜਵਾਬ ਦੇਣਾ ਪਵੇਗਾ

### ਕੀ ਇਹ ਭਾਜਪਾ ਦਾ ਰਾਸ਼ਟਰਵਾਦ ਹੈ?

ਕੁਮਾਰੀ ਸ਼ੈਲਜਾ ਨੇ ਕਿਹਾ ਕਿ ਭਾਜਪਾ ਸ਼ਾਸਿਤ ਮੱਧ ਪ੍ਰਦੇਸ਼ ਦੇ ਇੱਕ ਮੰਤਰੀ ਵੱਲੋਂ ਦੇਸ਼ ਦੀ ਬਹਾਦਰ ਮਹਿਲਾ ਕਰਨਲ ਸੋਫੀਆ ਕੁਰੈਸ਼ੀ ਨੂੰ ਅੱਤਵਾਦੀਆਂ ਦੀ ਭੈਣ ਕਹਿਣਾ ਨਾ ਸਿਰਫ਼ ਸ਼ਰਮਨਾਕ ਹੈ ਸਗੋਂ ਭਾਰਤੀ ਫੌਜ ਅਤੇ ਦੇਸ਼ ਦੀ ਹਰ ਧੀ ਦਾ ਘੋਰ ਅਪਮਾਨ ਵੀ ਹੈ। 'ਆਪ੍ਰੇਸ਼ਨ ਸਿੰਦੂਰ' ਦੌਰਾਨ, ਜਦੋਂ ਅੱਤਵਾਦੀ ਪਹਿਲਗਾਮ ਵਿੱਚ ਦੇਸ਼ ਨੂੰ ਵੰਡਣ ਦੀ ਸਾਜ਼ਿਸ਼ ਰਚ ਰਹੇ ਸਨ, ਤਾਂ ਸਾਡੀ ਫੌਜ ਨੇ ਪੂਰੀ ਹਿੰਮਤ ਅਤੇ ਏਕਤਾ ਨਾਲ ਮੋਰਚਾ ਸੰਭਾਲਿਆ। ਭਾਜਪਾ ਆਗੂਆਂ ਦੀ ਔਰਤ ਵਿਰੋਧੀ ਸੋਚ ਲਗਾਤਾਰ ਸਾਹਮਣੇ ਆ ਰਹੀ ਹੈ। ਪਹਿਲਾਂ ਪਹਿਲਗਾਮ ਵਿੱਚ ਸ਼ਹੀਦ ਹੋਏ ਜਲ ਸੈਨਾ ਅਧਿਕਾਰੀ ਦੀ ਪਤਨੀ ਨੂੰ ਟ੍ਰੋਲ ਕੀਤਾ ਗਿਆ, ਫਿਰ ਵਿਦੇਸ਼ ਸਕੱਤਰ ਵਿਕਰਮ ਮਿਸਰੀ ਦੀ ਧੀ ਨੂੰ ਨਿਸ਼ਾਨਾ ਬਣਾਇਆ ਗਿਆ, ਅਤੇ ਹੁਣ ਇੱਕ ਬਹਾਦਰ ਫੌਜੀ ਅਧਿਕਾਰੀ 'ਤੇ ਹਮਲਾ ਕੀਤਾ ਜਾ ਰਿਹਾ ਹੈ। ਕੀ ਇਹ ਭਾਜਪਾ ਦਾ ਰਾਸ਼ਟਰਵਾਦ ਹੈ?

# ਨਵਾਂਸ਼ਹਿਰ ਨੂੰ ਡੰਪ ਲਈ ਮਿਲੇਗੀ ਨਵੀਂ ਥਾਂ, ਰੇਲਵੇ ਰੋਡ ਵੀ ਜਲਦ ਬਣੇਗੀ - ਡਾ. ਰਵਜੋਤ ਸਿੰਘ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਮੰਗਲਵਾਰ ਨੂੰ ਸ਼ਹਿਰ ਵਿੱਚ ਮੌਜੂਦਾ ਕੂੜੇ ਦੇ ਡੰਪ ਵਾਲੀ ਥਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਖੁੱਲ੍ਹੀ ਅਤੇ ਢੁਕਵੀਂ ਜਗ੍ਹਾ ਦੀ ਸ਼ਨਾਖਤ ਕਰਕੇ ਡੰਪ ਬਣਾਇਆ ਜਾਵੇਗਾ। ਰੇਲਵੇ ਰੋਡ 'ਤੇ ਵਿਛਾਈਆਂ ਜਾ ਰਹੀਆਂ ਪਾਣੀ ਦੀਆਂ ਪਾਈਪ ਲਾਈਨਾਂ ਦੇ ਕੰਮ ਦੀ ਸਮੀਖਿਆ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਸ਼ਹਿਰ ਦੇ ਮੇਨ ਬਾਜ਼ਾਰ ਵਿੱਚ ਰੇਲਵੇ ਰੋਡ ਜਲਦੀ ਹੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਸੜਕ ਸੀਮਿੰਟ ਵਾਲੀ ਸੜਕ ਹੋਵੇਗੀ ਜੋ ਵਸਨੀਕਾਂ ਲਈ ਵੱਡੀ ਸਹੂਲਤ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਪਾਣੀ ਦੀਆਂ ਪਾਈਪਲਾਈਨਾਂ ਦਾ ਕੰਮ ਪੂਰਾ ਹੋਣ ਤੋਂ ਤੁਰੰਤ ਬਾਅਦ ਸੀਮਿੰਟ ਵਾਲੀ ਸੜਕ ਵਿਛਾਉਣ ਦਾ ਕੰਮ ਸ਼ੁਰੂ ਕਰਨ ਲਈ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਦਿੱਤੀਆਂ ਜਾ ਰਹੀਆਂ ਹਨ।

ਸੀਵਰੇਜ ਅਤੇ ਐਸ.ਟੀ.ਪੀ. ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੰਦੇ ਹੋਏ, ਡਾ. ਰਵਜੋਤ ਸਿੰਘ ਨੇ ਕਿਹਾ ਕਿ ਪ੍ਰਸਤਾਵਿਤ ਯੋਜਨਾ ਵਿੱਚ ਨਵੇਂ ਖੇਤਰਾਂ ਅਤੇ ਨਵੀਆਂ ਕਲੋਨੀਆਂ ਨੂੰ ਵੀ ਜੋੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਲਗਭਗ 48 ਕਰੋੜ ਰੁਪਏ ਦੀ ਲਾਗਤ ਨਾਲ ਇਹ ਸਾਰਾ ਪ੍ਰੋਜੈਕਟ ਮੁਕੰਮਲ ਹੋਵੇਗਾ ਅਤੇ ਪੰਜਾਬ ਸਰਕਾਰ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਨਵਾਂ ਸ਼ਹਿਰ ਸ਼ਹਿਰ ਵਾਸੀਆਂ ਲਈ ਬਹੁਤ ਲਾਭਦਾਇਕ ਹੋਵੇਗਾ। ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੇ ਉਪ ਚੇਅਰਮੈਨ ਲਲਿਤ ਮੋਹਨ ਪਾਠਕ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਆਦਿ ਵੀ ਮੌਜੂਦ ਸਨ।

# 31.44 ਕਰੋੜ ਨਾਲ ਜਲਾਲਾਬਾਦ ਹਲਕੇ ਦੀਆਂ ਲਿੰਕ ਸੜਕਾਂ ਦੀ ਹੋਵੇਗੀ ਮੁਰੰਮਤ- ਜਗਦੀਪ ਕੰਬੋਜ ਗੋਲਡੀ

## - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕੀਤਾ ਧੰਨਵਾਦ, - ਕਿਹਾ, ਪੰਜਾਬ ਸਰਕਾਰ ਪੇਂਡੂ ਵਿਕਾਸ ਲਈ ਦ੍ਰਿੜ ਸੰਕਲਪਿਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਜਲਾਲਾਬਾਦ 14 ਮਈ (ਮਨੋਜ ਕੁਮਾਰ, ਸੁਭਾਸ਼ ਸਿੰਘ) ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਦੱਸਿਆ ਹੈ ਕਿ ਜਲਾਲਾਬਾਦ ਵਿਧਾਨ ਸਭਾ ਹਲਕੇ ਅਧੀਨ ਪੈਂਦੀਆਂ ਵੱਖ-ਵੱਖ ਪੇਂਡੂ ਸੰਪਰਕ ਸੜਕਾਂ ਦੀ ਮੁਰੰਮਤ ਦਾ ਕੰਮ ਜਲਦੀ ਸ਼ੁਰੂ ਹੋਵੇਗਾ। ਇਸ ਲਈ 31.44 ਕਰੋੜ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਮੰਡੀ ਬੋਰਡ ਵੱਲੋਂ ਜਾਰੀ ਕਰ ਦਿੱਤੀ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਇਹਨਾਂ ਸੜਕਾਂ ਦੀ ਨਾ ਕੇਵਲ ਮੁਰੰਮਤ ਦਾ ਕਾਰਜ ਹੋਵੇਗਾ ਸਗੋਂ ਪੰਜ ਸਾਲਾਂ ਦੀ ਸਾਂਭ ਸੰਭਾਲ ਵੀ ਹੋਵੇਗੀ ਤਾਂ ਜੋ ਆਉਣ ਵਾਲੇ ਸਮੇਂ ਦੌਰਾਨ ਲੋਕਾਂ ਨੂੰ ਬਿਹਤਰ ਸੰਪਰਕ ਸਹੂਲਤਾਂ ਮਿਲ ਸਕਣ।

ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਦੱਸਿਆ ਕਿ ਜਲਾਲਾਬਾਦ ਬਲਾਕ ਵਿੱਚ 10.91 ਕਰੋੜ ਰੁਪਏ ਅਤੇ ਅਰਨੀਵਾਲਾ ਖੇਤਰ ਵਿੱਚ 20.53 ਕਰੋੜ ਰੁਪਏ ਨਾਲ ਸੜਕਾਂ ਦੀ ਵਿਆਪਕ ਪੱਧਰ ਤੇ ਕਾਇਆਕਲਪ ਕੀਤੀ ਜਾਵੇਗੀ। ਉਨਾਂ ਆਖਿਆ ਕਿ ਇਸ ਸਬੰਧੀ ਪ੍ਰਸ਼ਾਸ਼ਕੀ ਪ੍ਰਵਾਨਗੀ ਜਾਰੀ ਹੋ ਗਈ ਹੈ ਅਤੇ ਬਹੁਤ ਜਲਦ ਕੰਮ ਸ਼ੁਰੂ ਹੋਵੇਗਾ।

ਉਨਾਂ ਨੇ ਇਹ ਪ੍ਰਵਾਨਗੀ ਦੇਣ ਲਈ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਪੇਂਡੂ ਖੇਤਰਾਂ ਵਿੱਚ ਸੰਪਰਕ ਸਹੂਲਤਾਂ ਦਾ ਵਾਧਾ ਹੋਵੇਗਾ ਅਤੇ ਲੋਕਾਂ ਨੂੰ ਆਉਣ ਜਾਣ ਦੇ ਨਾਲ ਨਾਲ ਕਿਸਾਨਾਂ ਨੂੰ ਆਪਣੇ ਅਨਾਜ ਦੀ ਢੋਆ ਢੁਆਈ ਵਿੱਚ ਸੌਖ ਹੋਵੇਗੀ।



ਇਸ ਮੌਕੇ ਜਗਦੀਪ ਕੰਬੋਜ ਗੋਲਡੀ ਨੇ ਆਖਿਆ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਦੇ ਨਾਲ ਨਾਲ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਲਈ ਦ੍ਰਿੜਤਾ ਨਾਲ ਕੰਮ ਕਰ ਰਹੀ ਹੈ।

# ਲਿਬਰੇਸ਼ਨ ਵੱਲੋਂ ਜਲੰਧਰ ਵਿਖੇ ਜੰਗੀ ਜਨੂੰਨ ਵਿਰੁੱਧ ਸੂਬਾਈ ਕਨਵੈਨਸ਼ਨ 4 ਜੂਨ ਨੂੰ

## ਪਾਰਟੀ ਦੇ ਕੇਂਦਰੀ ਜਨਰਲ ਸਕੱਤਰ ਕਾ. ਦੀਪਾਂਕਰ ਭੱਟਾਚਾਰੀਆ ਹੋਣਗੇ ਮੁੱਖ ਬੁਲਾਰੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਮਾਨਸਾ, 14 ਮਈ (ਆਤਮਾ ਸਿੰਘ ਪਮਾਰ) ਸੀਪੀਆਈ (ਐਮ ਐਲ) ਲਿਬਰੇਸ਼ਨ ਨੇ 4 ਜੂਨ ਨੂੰ ਭਾਰਤ ਪਾਕਿਸਤਾਨ ਦਰਮਿਆਨ ਬਣਾਏ ਜਾ ਰਹੇ ਜੰਗ ਦੇ ਮਾਹੌਲ ਖ਼ਿਲਾਫ਼ ਜਲੰਧਰ ਵਿਖੇ ਇੱਕ ਸੂਬਾਈ ਕਨਵੈਨਸ਼ਨ ਕਰਨ ਦਾ ਐਲਾਨ ਕੀਤਾ ਹੈ,ਜਿਸ ਨੂੰ ਬੁੱਧੀਜੀਵੀਆਂ ਤੇ ਸੂਬਾ ਆਗੂਆਂ ਤੋਂ ਇਲਾਵਾ ਪਾਰਟੀ ਦੇ ਕੁੱਲ ਹਿੰਦ ਜਨਰਲ ਸਕੱਤਰ ਕਾ.ਦੀਪਾਂਕਰ ਭੱਟਾਚਾਰੀਆ ਵੀ ਸੰਬੋਧਨ ਕਰਨਗੇ। ਇਸ ਤੋਂ ਇਲਾਵਾ ਬਰਨਾਲਾ ਵਿਖੇ ਪਾਣੀਆਂ ਦੇ ਵਿਵਾਦ ਬਾਰੇ ਵੀ ਇੱਕ ਕਨਵੈਨਸ਼ਨ ਕੀਤੀ ਜਾਵੇਗੀ, ਜਿਸ ਦੀ ਤਾਰੀਖ਼ ਦਾ ਐਲਾਨ ਕੁੱਝ ਦਿਨ ਬਾਅਦ ਕਰ ਦਿੱਤਾ ਜਾਵੇਗਾ। ਇਹ ਫੈਸਲੇ ਇਥੇ ਕਾ. ਰਾਜਵਿੰਦਰ ਸਿੰਘ ਰਾਣਾ ਦੀ ਪ੍ਰਧਾਨਗੀ ਹੇਠ ਹੋਈ ਪਾਰਟੀ ਦੀ ਸਟੇਟ ਸਟੈਂਡਿੰਗ ਕਮੇਟੀ ਦੀ ਮੀਟਿੰਗ ਦੌਰਾਨ ਕੀਤੇ ਗਏ।

ਜਾਣਕਾਰੀ ਦਿੰਦਿਆਂ ਪਾਰਟੀ ਦੇ ਸੂਬਾਈ ਸਕੱਤਰ ਕਾ.ਗੁਰਮੀਤ ਸਿੰਘ ਬਖਤਪੁਰ ਅਤੇ ਪਾਰਟੀ ਦੇ ਸੂਬਾਈ ਬੁਲਾਰੇ ਕਾ. ਸੁਖਦਰਸ਼ਨ ਸਿੰਘ ਨੱਤ ਨੇ ਦੱਸਿਆ ਕਿ ਬੇਸ਼ੱਕ ਮੋਦੀ ਸਰਕਾਰ ਕਿੰਨੀਂ ਵੀ ਪਰਦਾਪੋਸ਼ੀ ਕਰੇ, ਪਰ ਸੱਚ ਇਹੀ ਹੈ ਕਿ 10 ਮਈ ਨੂੰ ਦੋਵਾਂ ਦੇਸ਼ਾਂ ਵਿਚਾਲੇ ਜੰਗਬੰਦੀ ਅਮਰੀਕੀ ਰਾਸ਼ਟਰਪਤੀ ਟਰੰਪ ਦੇ 'ਹੁਕਮਾਂ ਨਾਲ' ਹੀ ਹੋਈ ਹੈ। ਪਰ ਇਸ ਜੰਗਬੰਦੀ ਦੇ ਬਾਵਜੂਦ ਵੀ ਕੱਟੜਪੰਥੀ ਹਿੰਦੂਤਵੀ ਤਾਕਤਾਂ ਪੂਰੀ ਤਾਕਤ ਨਾਲ ਜਨਤਾ ਵਿੱਚ ਜੰਗੀ ਜਨੂੰਨ ਤੇ ਦੇਸ਼ ਭਰ ਵਿੱਚ ਮੁਸਲਿਮ ਭਾਈਚਾਰੇ ਖ਼ਿਲਾਫ਼ ਫਿਰਕੂ ਨਫ਼ਰਤ ਭੜਕਾਉਣ ਦੀ ਮੁਹਿੰਮ ਬਾਦਸਤੂਰ ਚਲਾ ਰਹੀਆਂ ਹਨ। ਹਾਲਾਂਕਿ 22 ਅਪ੍ਰੈਲ ਤੋਂ ਅੱਜ ਤੱਕ ਕੇਂਦਰ ਸਰਕਾਰ ਦੀਆਂ ਏਜੰਸੀਆਂ 26 ਬੇਕਸੂਰ ਸੈਲਾਨੀਆਂ ਦੀ ਜਾਨ ਲੈਣ ਵਾਲੇ ਦਹਿਸ਼ਤਗਰਦਾਂ ਦੇ ਗਿਰੋਹ ਦਾ ਕੋਈ ਅਤਾ ਪਤਾ ਨਹੀਂ ਲਗਾ ਸਕੀਆਂ। ਬਿਆਨ ਵਿੱਚ ਮੰਗ ਕੀਤੀ ਗਈ ਹੈ ਕਿ ਸੁਰੱਖਿਆ ਤੰਤਰ ਦੀ ਇਸ ਘੋਰ ਨਾਕਾਮੀ ਲਈ ਦੇਸ਼ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਜੰਮੂ ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਲਾਜ਼ਮੀ ਹਟਾਇਆ ਜਾਣਾ ਚਾਹੀਦਾ ਹੈ।

ਲਿਬਰੇਸ਼ਨ ਦਾ ਕਹਿਣਾ ਹੈ ਕਿ ਫੌਜੀ ਟਕਰਾਅ ਖਤਮ ਹੋਣ ਤੋਂ ਬਾਅਦ ਦੋਵੇਂ ਦੇਸ਼ਾਂ ਨੂੰ ਹਾਲਾਤ ਨੂੰ ਆਮ ਵਰਗਾ ਕਰਨ ਲਈ ਸਿੱਧੀ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ ਅਤੇ ਇੱਕ ਦੂਜੇ ਖ਼ਿਲਾਫ਼ ਲਾਈਆਂ ਸਾਰੀਆਂ ਪਾਬੰਦੀਆਂ ਖ਼ਤਮ ਕਰਕੇ ਵਾਹਗਾ ਬਾਰਡਰ ਨੂੰ ਆਵਾਜਾਈ ਤੇ ਵਪਾਰ ਲਈ ਮੁੜ ਖੋਹਲਿਆ ਜਾਣਾ ਚਾਹੀਦਾ ਹੈ।

# ਸੈਕਟਰ ਕਾਈਨੌਰ ਅਧੀਨ ਮਮਤਾ ਦਿਵਸ ਮੌਕੇ ਟੀਕਾਕਰਨ ਕੈਂਪ ਲਗਾਏ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com



ਮੋਰਿੰਡਾ 14 ਮਈ (ਹਰਦਿਆਲ ਸਿੰਘ ਸੰਧੂ) ਡਾ.ਸਵਪਨਜੀਤ ਕੌਰ ਕਾਰਜਕਾਰੀ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸੈਕਟਰ ਕਾਈਨੌਰ ਅਧੀਨ ਅਧੀਨ ਮਮਤਾ ਦਿਵਸ ਮੌਕੇ ਟੀਕਾਕਰਨ ਕੈਂਪ ਲਗਾਏ ਗਏ। ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਲਖਮਿੰਦਰ ਸਿੰਘ ਨੇ ਕਿਹਾ ਕਿ ਮਮਤਾ ਦਿਵਸ ਟੀਕਾਕਰਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹ ਦਿਨ ਮਾਂ ਦੀ ਮਮਤਾ ਅਤੇ ਨਵਜਾਤ ਬੱਚਿਆਂ ਦੀ ਸਿਹਤ ਸੁਰੱਖਿਆ ਨੂੰ ਸਮਰਪਿਤ ਕੀਤਾ ਜਾਂਦਾ ਹੈ। ਮਮਤਾ ਦਿਵਸ ਦਾ ਉਦੇਸ਼ ਮਾਂਵਾ ਨੂੰ ਬੱਚਿਆਂ ਦੇ ਟੀਕਾਕਰਨ ਬਾਰੇ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਸਰਕਾਰੀ ਸਿਹਤ ਸੇਵਾਂਵਾ ਦੀ ਜਾਣਕਾਰੀ ਦੇਣਾ ਹੈ। ਇਸ ਮੌਕੇ ਤੇ ਬੇਅੰਤ ਸਿੰਘ ਨੇ ਕਿਹਾ ਕਿ ਕੌਮੀ ਟੀਕਾਕਰਨ ਪ੍ਰੋਗਰਾਮ ਅਧੀਨ 0 ਤੋਂ 5 ਸਾਲ ਤੱਕ ਦੇ ਬੱਚਿਆਂ ਅਤੇ ਗਰਭਵਤੀ ਮਹਿਲਾਂਵਾ ਦਾ ਟੀਕਾਕਰਨ 100% ਕਰਨਾ ਜਰੂਰੀ ਹੈ ਤਾਂ ਜੋ ਬੱਚਿਆਂ ਨੂੰ ਮਾਰੂ ਰੋਗਾਂ ਅਤੇ ਗਰਭਵਤੀ ਮਹਿਲਾਂਵਾ ਨੂੰ ਟੈਟਨਸ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਬੱਚੇ ਨੂੰ ਪਹਿਲੇ 6 ਮਹੀਨੇ ਕੇਵਲ ਮਾਂ ਦਾ ਦੁੱਧ ਹੀ ਪਿਲਾਇਆ ਜਾਵੇ ਅਤੇ ਬੋਤਲ ਰਾਂਹੀ ਦੁੱਧ ਨਾ ਪਿਲਾਇਆ ਜਾਵੇ। ਮਾਂ ਦਾ ਦੁੱਧ ਬੱਚਿਆਂ ਦੇ ਸਰੀਰਿਕ ਵਿਕਾਸ, ਮਾਨਸਿਕ ਵਿਕਾਸ ਅਤੇ ਰੋਗਾਂ ਨਾਲ ਲੜਨ ਦੀ ਸ਼ਕਤੀ ਵਿੱਚ ਸਹਾਈ ਹੁੰਦਾਂ ਹੈ। ਬੱਚਿਆਂ ਨੂੰ ਉਪਰਾ ਦੁੱਧ ਪਿਲਾਉਣ ਨਾਲ ਡਾਇਰੀਆ ਵਰਗੀਆਂ ਬਿਮਾਰੀਆਂ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਬੱਚੇ ਨੂੰ ਇੰਨਫੈਕਸ਼ਨ ਤੋਂ ਦੂਰ ਰੱਖਣ ਲਈ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋ ਕੇ ਸਾਫ ਕਰਿਆ ਜਾਵੇ ਫਿਰ ਬੱਚੇ ਨੂੰ ਚੁੱਕਿਆ ਜਾਵੇ। ਇਸ ਮੌਕੇ ਤੇ ਸੁੰਦਰੀ ਦੇਵੀ ਐਲ.ਐਚ.ਵੀ,ਸੀ.ਐਚ.ਓ ਜਸ਼ਨ ਕੌਰ, ਗੁਰਜੀਤ ਕੌਰ, ਪ੍ਰਿਅੰਕਾ ਏ.ਐਨ.ਐਮ, ਆਰਤੀ ਏ.ਐਨ.ਐਮ, ਮਨਦੀਪ ਕੌਰ ਏ.ਐਨ.ਐਮ ਅਤੇ ਸਮੂਹ ਆਸ਼ਾ ਵਰਕਰਜ਼ ਹਾਜਰ ਸਨ।

# ਸਰਸਵਤੀ ਵਿੱਦਿਆ ਮੰਦਿਰ ਸਕੂਲ ਦੇ ਵਿਦਿਆਰਥੀਆਂ ਦਾ ਬਾਰਵੀਂ ਕਲਾਸ ਦੇ ਨਤੀਜੇ ਵਿੱਚੋ ਸ਼ਾਨਦਾਰ ਪ੍ਰਦਰਸ਼ਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com

ਲੌਂਗੋਵਾਲ,14 ਮਈ (ਜਗਸੀਰ ਸਿੰਘ)- ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸਰਸਵਤੀ ਵਿਦਿਆ ਮੰਦਿਰ ਸੀਨੀਅਰ ਸੈਕੰਡਰੀ ਸਕੂਲ ਸ਼ਾਹਪੁਰ ਰੋਡ ਚੀਮਾ ਮੰਡੀ ਸੀਬੀਐਸਈ ਵੱਲੋਂ ਐਲਾਨੇ ਗਏ ਬਾਰਵੀਂ ਕਲਾਸ ਦੇ ਨਤੀਜਿਆਂ ਵਿੱਚੋਂ ਪੁਜੀਸ਼ਨਾਂ ਹਾਸਿਲ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ। ਵਧੇਰੇ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਰਕੇਸ਼ ਕੁਮਾਰ ਗੋਇਲ ਨੇ ਦੱਸਿਆ ਕਿ ਰਿਸ਼ਵ ਸਿੰਗਲਾ ਨਾਨ ਮੈਡੀਕਲ ਅਤੇ ਅਰੁਣ ਲਾਲ ਚੋਪੜਾ ਨੇ ਕਾਮਰਸ ਗਰੁੱਪ ਵਿੱਚੋਂ 95% ਅੰਕ ਹਾਸਿਲ ਕਰਕੇ ਪਹਿਲੀ ਪੁਜੀਸ਼ਨ, ਸੁਪ੍ਰੀਤ ਕੌਰ 94.4% ਅੰਕ ਲੈ ਕੇ ਦੂਸਰੇ ਸਥਾਨ ਈਸ਼ਾਂਸ਼ ਗੋਇਲ 93.4% ਸ਼ਮਨਪ੍ਰੀਤ ਕੌਰ 92.6%ਦਿਲਪ੍ਰੀਤ ਕੌਰ 92.2%,ਦ੍ਰਿਤੀ ਸਿੰਗਲਾ 92.6% ਦੀਆ 92.2%, ਸਰਗਮ 92% ਅੰਕ ਹਾਸਲ ਕਰਕੇ ਪੁਜੀਸ਼ਨਾ ਹਾਸਿਲ ਕੀਤੀਆਂ ਹਨ।

# ਚੋਣਾਂ 'ਚ ਸਰਗਰਮ ਹਿੱਸਾ ਅਤੇ ਇਸ ਦਾ ਸਿੱਟਾ, ਇਸ ਮੁਲਕ ਦੇ ਗਰੀਬ ਲੋਕਾਂ ਦੀ ਤਕਦੀਰ ਬਦਲ ਦੇਵੇਗਾ :- ਇੰਜ : ਸੁਰਿੰਦਰ ਸਿੰਘ ਭਿੰਡਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com



ਸੱਤਾਹੀਣ ਲੋਕ ਹੁਣ ਠੀਕ ਅਨੁਭਵ ਕਰ ਰਹੇ ਹਨ। ਕਿ ਹੁਣ ਦਿਸ਼ਾ ਬਦਲਣ ਦਾ ਵਕਤ ਆ ਗਿਆ ਹੈ। ਇਹ ਦਿਸ਼ਾ ਕੀ ਹੋਵੇ ਅਤੇ ਕਿਹੜਾ ਢੰਗ ਅਪਣਾਇਆ ਜਾਵੇ ? ਬਹੁਗਿਣਤੀ ਗਰੀਬ ਵਰਗ ਨੂੰ ਸਾਰੇ ਹੋਰ ਰਸਤੇ ਤਿਆਗਕੇ ,ਚੋਣ ਸਿਆਸਤ ਵਿਚ ਸਰਗਰਮ ਹਿੱਸਾ ਲੈਣਾ ਚਾਹੀਦਾ ਹੈ।

ਚੋਣਾ 'ਚ ਸਰਗਰਮ ਹਿੱਸਾ ਤੇ ਇਸਦਾ ਸਿੱਟਾ ਇਸ ਮੁਲਕ ਦੇ ਗਰੀਬ ਲੋਕਾਂ ਦੀ ਤਕਦੀਰ ਬਦਲ ਦੇਵੇਗਾ। ਸਿੱਟਾ ਗਰੀਬ ,ਅਮੀਰ ਹਰ ਕਿਸੇ ਲਈ ਬਰਾਬਰ ਹੋਵੇਗਾ।ਇਹ ਅਸੀਂ ਸਭ ਦੇਖ ਰਹੇ ਹਾਂ ਕਿ ਦੇਸ਼ ਦੇ ਹਾਲਾਤ ਕਿੰਨੇ ਭਿਅੰਕਰ ਬਣੇ ਹੋਏ ਹਨ ।ਅਸੀ ਉਹ ਕਰੀਏ ਜੋ ਕਰਨਾ ਬਣਦਾ ਹੈ। ਬਹੁਤ ਹੋ ਗਿਆ ਹੁਣ ਗਰੀਬ ਅਵਾਮ ਨੂੰ ਚੋਣ ਸਿਆਸਤ ਵਿੱਚ ਜੋਰਦਾਰ ਹਿੱਸਾ ਲੈਣਾ ਬਣਦਾ ਹੈ। ਅਤੇ ਚੋਣ ਸਿਆਸਤ ਦੇ ਅਖਾੜੇ ਵਿੱਚ ਕੁੱਦ ਪਈਏ। ਇਹ ਹੀ ਇਕ ਢੁੱਕਵਾਂ ਰਾਹ ਹੈ। ਸੱਤਾਧਾਰੀਆਂ ਨੂੰ ਚਿੱਤ ਕਰਕੇ , ਰਾਜਪਾਠ ਤੇ ਕਾਬਜ ਹੋਈਏ।

ਇਹ ਹੀ ਲੋਕਤੰਤਰ ਦੀ ਵੱਡੀ ਜਿੱਤ ਹੋਵੇਗੀ। ਸੱਤਾਧਾਰੀ ਪਾਰਟੀ ਤੇ ਉਸਦੇ ਸਿਆਸੀ ਆਗੂ ਅਮੀਰਾਂ ਦੀ ਨੁਮਾਇੰਗੀ ਕਰ ਰਹੇ ਹਨ । ਗਰੀਬਾਂ ਦੇ ਹਿੱਤਾਂ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ। ਗਰੀਬ ਨੂੰ ਸਿਰਫ਼ ਵੋਟ ਲਈ ਹੀ ਇਸਤੇਮਾਲ ਕੀਤਾ ਜਾ ਰਿਹਾ ਹੈ ।

ਸਾਨੂੰ ਸਾਰਿਆਂ ਨੂੰ ਇਕਜੁੱਟਤਾ ਬਨਾਉਣੀ ਪਵੇਗੀ,ਫਿਰ ਹੀ ਮੁਕਾਬਲੇ ਵਾਲੀ ਲੜਾਈ ਲੜੀ ਜਾਵੇਗੀ । ਸਾਨੂੰ ਨਿਆਂ ਦੀ , ਅਜਾਦੀ ਦੀ ,ਬਰਾਬਰਤਾ ਦੀ ਅਤੇ ਸਵੈਮਾਨ ਦੀ ਪ੍ਰਾਪਤੀ ਜਦੋ ਜਹਿਦ ਕਰਨੀ ਹੋਵੇਗੀ । ਸਾਨੂੰ ਸਮਝਣਾ ਪਵੇਗਾ ਕਿ ਰਿਵਾਇਤੀ ਪਾਰਟੀਆਂ ਕਿਵੇ ਕੰਮ ਕਰਦੀਆਂ ਹਨ। ਇਸਦਾ ਮੁਲ ਕੋਣ ਤਾਰਦਾ ਹੈ ਅਤੇ ਲਾਭ ਕਿਸਨੂੰ ਹੁੰਦਾ ਹੈ।

ਅੱਜ ਗਰੀਬ ਸਮਾਜ ਆਪਣੇ ਆਪ ਨੂੰ ਹਾਸ਼ੀਏ ਅਤੇ ਬੇਅਸਰ ਮਹਿਸੂਸ ਕਰ ਰਿਹਾ ਹੈ। ਇਸ ਤਰਾਂ ਮਹਿਸੂਸ ਕਰਨਾ,ਹੁਣ ਕਾਫ਼ੀ ਨਹੀ, ਦੇਸ਼ ਦੇ ਹਾਲਾਤ ਗੰਭੀਰਤਾ ਨਾਲ ਅੰਤਰ ਝਾਤ ਮਾਰਨ ਦਾ ਇਸ਼ਾਰਾ ਕਰਦੇ ਹਨ। ਅੱਜ ਨੇਕ ਦ੍ਰਿਸ਼ਟੀ ਦੀ ਲੋੜ ਹੈ। ਸਾਨੂੰ ਵਾਪਰ ਰਹੇ ਜਬਰ ਤੋਂ ਪਾਸਾ ਨਹੀ ਵੱਟਣਾ ਚਾਹੀਦਾ,ਸਗੋ ਮਜਬੂਤ ਯੁੱਧਨੀਤੀ ਬਣਾਕੇ ਟੱਕਰ ਦੇਣੀ ਚਾਹੀਦੀ ਹੈ। ਅਸੀ ਨਿਆਂ ਅਤੇ ਬਰਾਬਰੀ ਚਾਹੁੰਦੇ ਹਾਂ,ਪਰ ਅਸੀ ਸਿਆਸਤ ਨੂੰ ਦਰਕਿਨਾਰ ਕਰਕੇ ਫੀਲਗੁੱਡ ਦਾ ਸਿਆਸੀ ਅਖਾੜਾ ਬਣ ਜਾਣ ਦੀ ਖੁੱਦ ਇਜਾਜਤ ਦਿੱਤੀ ਹੈ।

ਸਾਨੂੰ ਟਾਕਰੇ ਦੀ ਯੁੱਧਨੀਤੀ ਬਣਾਕੇ ਉਸ ਉਪਰ ਤਾਰੁੰਤ ਵਿਚਾਰ ਕਰਨੀ ਹੋਵੇਗੀ । ਹਕੀਕੀ ਲੜਾਈਆਂ ਵਿੱਢਣੀਆਂ ਹੋਣਗੀਆਂ ਅਤੇ ਅਸਲੀ ਸੱਟਾਂ ਮਾਰਨੀਆਂ ਹੋਣਗੀਆਂ।

ਦੁਸ਼ਮਣ ਸਾਨੂੰ ਗੈਰ ਸਿਆਸੀ ਬਨਾਉਣ ਤੇ ਤੁਲਿਆ ਹੋਇਆ ਹੈ।ਉਸਦੇ ਮਨਸੂਬੇ ਬੜੇ ਖ਼ਤਰਨਾਕ ਹਨ। ਜੇ ਸਾਨੂੰ ਸਮਝ ਘੱਟ ਪੈਂਦੇ ਹਨ। ਨਿਰਭੈ ਅਤੇ ਨਿਡਰ ਹੋਕੇ ,ਪੂਰੀ ਤਾਕਤ ਨਾਲ ਪਰ ਸੰਵਿਧਾਨਕ ਦਾਇਰੇ ਚ ਰਹਿੰਦੇ ਹੋਏ,ਸਾਨੂੰ ਸੱਤਾਧਾਰੀ ਪਾਰਟੀਆਂ ਦੇ ਤਮਾਮ ਕਲ- ਪੁਰਜੇ ਨਕਾਮ ਬਨਾਉਣੇ ਹੋਣਗੇ। ਜੇ ਸਾਨੂੰ ਸਬੂਤਾ ਹੀ ਨਿਗਲੀ ਜਾ ਰਹੇ ਹਨ।

ਵਕਤ ਬਹੁਤ ਥੋੜਾ ਹੈ , ਹੁਣ ਰੁਕਣਾ ਨਹੀ ,ਬਦਲਾਉ ਤਾਂ ਹਰ ਹਾਲਤ ਆਉਣਾ ਹੀ ਹੈ। ਇਹ ਬਦਲਾਅ ਕਿਵੇ ਅਤੇ ਕਿਸ ਤਰਾਂ ਆਵੇ ਸਾਡੇ ਉਪਰ ਨਿਰਭਰ ਕਰਦਾ ਹੈ। ਇਹ ਸਾਫ਼ ਹੈ ਕਿ ਬਹੁਗਿਣਤੀ ਗਰੀਬ ਵਰਗ ਦੀ ਨੁਮਾਇੰਦਗੀ ਅਧਿਕਾਰ ਸੰਘਰਸ਼ ਪਾਰਟੀ ਹੀ ਕਰੇਗੀ।

ਸੱਤਾਧਾਰੀਆਂ ਨੂੰ ਸੱਤਾਹੀਣ ਕਰਨਾ ਅਧਿਕਾਰ ਸੰਘਰਸ਼ ਪਾਰਟੀ ਹੀ ਸਮਰੱਥ ਹੈ ।

ਇੰਜ ਸੁਰਿੰਦਰ ਸਿੰਘ ਭਿੰਡਰ
ਪੰਜਾਬ ਪ੍ਰਧਾਨ
ਅਧਿਕਾਰ ਸੰਘਰਸ਼ ਪਾਰਟੀ।

# ਕੇਂਦਰੀ ਵਿਦਿਆਲਿਆ ਸਲਾਈਟ ਦੀ 10ਵੀਂ ਤੇ 12ਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com





ਲੌਂਗੋਵਾਲ,14 ਮਈ (ਜਗਸੀਰ ਸਿੰਘ) :- ਸੀ.ਬੀ.ਐਸ.ਈ. ਵੱਲੋਂ ਐਲਾਨੇ ਗਏ 10ਵੀਂ ਅਤੇ 12ਵੀਂ ਜਮਾਤ ਦੀਆਂ 2024-25 ਦੀਆਂ ਬੋਰਡ ਪ੍ਰੀਖਿਆਵਾਂ ਦੇ ਨਤੀਜਿਆਂ ਵਿੱਚ, ਕੇਂਦਰੀ ਵਿਦਿਆਲਿਆ ਸਲਾਈਟ ਲੌਂਗੋਵਾਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ 100% 'ਅੰਕ ਪ੍ਰਾਪਤ ਕੀਤੇ। ਇਨ੍ਹਾਂ ਪ੍ਰੀਖਿਆਵਾਂ ਵਿੱਚ ਕੇਂਦਰੀ ਵਿਦਿਆਲਿਆ ਦੇ ਵਿਦਿਆਰਥੀ ਰਤਨ ਅਰੋੜਾ ਨੇ 12ਵੀਂ ਜਮਾਤ ਦੇ ਸਾਇੰਸ ਸਟਰੀਮ ਵਿੱਚ 93.8 (469/500) ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਅਤੇ ਸੁਖਵਿੰਦਰ ਸਿੰਘ ਨੇ 12ਵੀਂ ਜਮਾਤ ਦੇ ਕਾਮਰਸ ਸਟਰੀਮ ਵਿੱਚ 94.4 (472/500) ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅਲੀਸ਼ਾ ਨੇ ਦਸਵੀਂ ਜਮਾਤ ਦੀ ਪ੍ਰੀਖਿਆ ਵਿੱਚ 95.6 (478/500) ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ। 12ਵੀਂ ਬੋਰਡ ਦੀ ਪ੍ਰੀਖਿਆ ਵਿੱਚ ਕੁੱਲ 33 ਅਤੇ 10ਵੀਂ ਬੋਰਡ ਦੀ ਪ੍ਰੀਖਿਆ ਵਿੱਚ ਕੁੱਲ 41 ' ਵਿਦਿਆਰਥੀ ਬੈਠੇ ਸਨ । ਬੋਰਡ ਪ੍ਰੀਖਿਆਵਾਂ ਵਿੱਚ ਵਧੀਆ ਨਤੀਜੇ ਪ੍ਰਾਪਤ ਕਰਨ ਤੇ ਸਕੂਲ ਪ੍ਰਿੰਸੀਪਲ ਸ਼੍ਰੀ ਹਰੀ ਹਰ ਯਾਦਵ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇ ਸ਼ਾਨਦਾਰ ਨਤੀਜੇ ਪ੍ਰਾਪਤ ਕਰਨ ਦਾ ਭਰੋਸਾ ਦਿੱਤਾ ।

# ਪੰਚਾਇਤਾਂ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਪਿੰਡ ਘੋਸ਼ਿਤ ਕਰਨ - ਡਾ. ਅਮਿਤ ਕਾਂਸਲ

## ਲੋਕ ਜੀਵਨ ਦਾਨ ਲਈ ਪਹਿਲ ਕਰਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com



ਸੁਨਾਮ ਊਧਮ ਸਿੰਘ ਵਾਲਾ,14 ਮਈ (ਜਗਸੀਰ ਲੌਂਗੋਵਾਲ)- ਨਸ਼ਾ ਮੁਕਤੀ ਚੇਤਨਾ ਸੰਘ ਦੇ ਸੂਬਾ ਸਹਿ-ਕਨਵੀਨਰ ਅਤੇ ਕਾਂਸਲ ਫਾਊਂਡੇਸ਼ਨ ਦੇ ਸੰਸਥਾਪਕ, ਰਾਸ਼ਟਰਵਾਦੀ ਚਿੰਤਕ ਡਾ. ਅਮਿਤ ਕਾਂਸਲ ਨੇ ਇੱਕ ਵਿਸ਼ੇਸ਼ ਇੰਟਰਵਿਊ ਦੌਰਾਨ ਪੰਜਾਬ ਦੇ ਮਜੀਠਾ ਦੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ ਹੋਏ 23 ਕਤਲਾਂ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਕਿਹਾ ਕਿ ਹਰ ਰੋਜ਼ ਨਸ਼ੇ ਕਾਰਨ ਕਈ ਪਰਿਵਾਰ ਬਰਬਾਦ ਹੋ ਰਹੇ ਹਨ। ਇਹ ਸਿਰਫ਼ ਅਖ਼ਬਾਰਾਂ ਵਿੱਚ ਛਪੀਆਂ ਖ਼ਬਰਾਂ ਨਹੀਂ ਹਨ। ਪੀੜਤ ਪਰਿਵਾਰ 'ਚ ਇਹ ਦਰਦ ਹਮੇਸ਼ਾ ਲਈ ਬਣਿਆ ਰਹੇਗਾ। ਅਜਿਹੇ ਹਾਦਸਿਆਂ ਨੂੰ ਉਦੋਂ ਹੀ ਰੋਕਿਆ ਜਾ ਸਕਦਾ ਹੈ ਜਦੋਂ ਸਮਾਜ ਦਾ ਹਰ ਵਿਅਕਤੀ ਜਾਗਰੂਕ ਅਤੇ ਸੰਵੇਦਨਸ਼ੀਲ ਹੋਵੇ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ ਦ੍ਰਿੜ ਸੰਕਲਪ ਹੋਵੇ।

ਡਾ. ਕਾਂਸਲ ਨੇ ਕਿਹਾ ਕਿ ਇਸ ਉਦੇਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਨਸ਼ਾ ਮੁਕਤੀ ਚੇਤਨਾ ਸੰਘ ਪਿੰਡ-ਪਿੰਡ ਜਾ ਕੇ ਸੰਵਾਦ ਪ੍ਰੋਗਰਾਮ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵੱਲ ਪਹਿਲਾ ਕਦਮ ਚੁੱਕਦੇ ਹੋਏ, ਹਰ ਪਿੰਡ ਦੀ ਪੰਚਾਇਤ ਨੂੰ ਆਪਣੇ ਪਿੰਡ ਨੂੰ ਨਸ਼ਾ ਮੁਕਤ ਖੇਤਰ ਐਲਾਨਣਾ ਚਾਹੀਦਾ ਹੈ। ਜੇਕਰ ਹਰ ਵਿਅਕਤੀ ਆਪਣੇ ਘਰ ਨੂੰ ਸੰਭਾਲੇ ਅਤੇ ਪੰਚਾਇਤ ਆਪਣੇ ਪਿੰਡ ਨੂੰ ਸੰਭਾਲੇ, ਤਾਂ ਉਹ ਦਿਨ ਦੂਰ ਨਹੀਂ ਜਦੋਂ ਅਸੀਂ ਨਸ਼ੇ ਵਿਰੁੱਧ ਇਸ ਲੜਾਈ ਵਿੱਚ ਜੇਤੂ ਹੋਵਾਂਗੇ ਅਤੇ ਇੱਕ ਨਸ਼ਾ ਮੁਕਤ ਅਤੇ ਸਸ਼ਕਤ ਪੰਜਾਬ ਵਿੱਚ ਸਾਹ ਲਵਾਂਗੇ।

ਡਾ. ਕਾਂਸਲ ਨੇ ਕਿਹਾ ਕਿ ਸਾਡੇ ਸੱਭਿਆਚਾਰ ਵਿੱਚ ਦਾਨ ਦਾ ਵਿਸ਼ੇਸ਼ ਮਹੱਤਵ ਹੈ ਅੰਨ ਦਾਨ, ਵਿਦਿਆ ਦਾਨ ਅਤੇ ਖੂਨਦਾਨ ਵਾਂਗ, ਲੋਕਾਂ ਨੂੰ ਜੀਵਨ ਦਾਨ ਕਰਨ ਲਈ ਵੀ ਅੱਗੇ ਆਉਣਾ ਚਾਹੀਦਾ ਹੈ। ਦਰਅਸਲ ਜਦੋਂ ਅਸੀਂ ਕਿਸੇ ਬੱਚੇ ਜਾਂ ਨੌਜਵਾਨ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਜਾਂ ਮਾਰਗਦਰਸ਼ਨ ਕਰਦੇ ਹਾਂ, ਤਾਂ ਉਸਦੀ ਜਾਨ ਨਸ਼ਿਆਂ ਦੇ ਜ਼ਾਲਮ ਸ਼ਿਕੰਜੇ ਵਿੱਚ ਫਸਣ ਤੋਂ ਬਚ ਜਾਂਦੀ ਹੈ ਅਤੇ ਸਾਡੀ ਇਹ ਪਹਿਲ ਕਿਸੇ ਨੂੰ ਜੀਵਨਦਾਨ ਦੇਣ ਤੋਂ ਘੱਟ ਨਹੀਂ ਹੈ।

# ਵਿਜੇ ਚੋਪੜਾ ਨੇ ਕੰਗ ਐਂਟਰਪ੍ਰਾਈਜ਼ਿਜ਼ ਦੇ ਨਵੇਂ ਦਫ਼ਤਰ ਦਾ ਉਦਘਾਟਨ ਕੀਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com




ਫਗਵਾੜਾ (ਸ਼ਿਵ ਕੌੜਾ) ਸੈਂਟਰਲ ਟਾਊਨ ਫਗਵਾੜਾ ਵਿਖੇ ਕੰਗ ਇੰਟਰਪ੍ਰਾਈਜ਼ ਦੇ ਨਵੇਂ ਦਫਤਰ ਦਾ ਉਦਘਾਟਨ ਪੰਜਾਬ ਕੇਸਰੀ ਅਖਬਾਰ ਗਰੁੱਪ ਦੇ ਚੇਅਰਮੈਨ ਪਦਮਸ਼੍ਰੀ ਵਿਜੇ ਚੋਪੜਾ ਨੇ ਕੀਤਾ। ਇਸ ਮੌਕੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਅਤੇ ਨਗਰ ਕੌਂਸਲ ਫਗਵਾੜਾ ਦੇ ਮੇਅਰ ਰਾਮਪਾਲ ਉੱਪਲ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਦਫ਼ਤਰ ਦੇ ਮਾਲਕ ਗੁਰਦੀਪ ਸਿੰਘ ਕੰਗ ਨੇ ਕਿਹਾ ਕਿ ਸ਼ਹਿਰ ਦੇ ਲੋਕਾਂ ਨੇ ਮੈਨੂੰ ਬਹੁਤ ਪਿਆਰ ਦਿੱਤਾ ਹੈ, ਇਸ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਅਤੇ ਇਸ ਮੌਕੇ 'ਤੇ ਆਉਣ ਲਈ ਉਨ੍ਹਾਂ ਦਾ ਬਹੁਤ ਧੰਨਵਾਦ ਕਰਦਾ ਹਾਂ। ਇਸ ਮੌਕੇ ਅਰੁਣ ਖੋਸਲਾ, ਪ੍ਰਦੀਪ ਆਹੂਜਾ, ਮਲਕੀਤ ਸਿੰਘ ਰਗਬੋਤਰਾ, ਸੀਨੀਅਰ ਪੱਤਰਕਾਰ ਸ਼ਿਵ ਕੌੜਾ, ਵਿਕਰਮ ਜਲੋਟਾ, ਸੁਨੀਲ ਚੰਮ , ਸੁਸ਼ੀਲ ਸ਼ਰਮਾ, ਸੁਖਬੀਰ ਸਿੰਘ ਕਿੰਦਾ, ਰਾਜੂ ਲਾਮਾ, ਇੰਦਰਜੀਤ ਕਰਵਲ, ਵਿਪਨ ਸ਼ਰਮਾ, ਹੈਪੀ ਬਰੋਕਰ, ਮਨੀਸ਼ ਕਨੌਜੀਆ ਆਦਿ ਹਾਜ਼ਰ ਸਨ

# ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਮੈਸਰਜ਼ ਡੈਫਕੋਨ-1 ਦਾ ਲਾਇਸੰਸ ਰੱਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com

ਮਾਨਸਾ, 14 ਮਈ (ਆਤਮਾ ਸਿੰਘ ਪਮਾਰ) ਜ਼ਿਲ੍ਹਾ ਮੈਜਿਸਟ੍ਰੇਟ ਸ੍ਰ ਕੁਲਵੰਤ ਸਿੰਘ ਆਈ.ਏ.ਐਸ. ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ 2012 ਦੇ ਸੈਕਸ਼ਨ 6 (1) (ਜੀ) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮੈਸਰਜ ਡੈਫਕੋਨ-1, ਨੇੜੇ ਕਿਸਾਨ ਹੱਟ, ਝੁਨੀਰ ਰੋਡ, ਝੁਨੀਰ, ਜ਼ਿਲ੍ਹਾ ਮਾਨਸਾ ਦੇ ਆਇਲਟਸ ਕੋਚਿੰਗ ਇਮੀਗਰੇਸ਼ਨ ਕਨਸਲਟੈਂਟ ਅਤੇ ਟਿਕਟਿੰਗ ਏਜੰਟ ਦਾ ਲਾਇਸੰਸ ਨੰਬਰ 59/ ਆਰਮਜ਼ ਬਰਾਂਚ ਮਿਤੀ 01.12.2022 ਨੂੰ ਤੁਰੰਤ ਪ੍ਰਭਾਵ ਨਾਲ ਰੱਦ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਹੁਕਮ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਹਿਊਮਨ ਸਮੱਗਲਿੰਗ ਐਕਟ 2012 (ਪੰਜਾਬ ਐਕਟ ਨੰਬਰ 2 ਆਫ਼ 2013 (ਨੋਟੀਫਿਕੇਸ਼ਨ ਨੰਬਰ ਜੀ.ਐਸ.ਆਰ 49/ ਪੀ.ਏ. 2/2013/ ਐਸ.18 ਐਮੈਂਡੀ (1) ਮਿਤੀ 16-09-2014) ਰਾਹੀਂ ਸੋਧਿਆ ਨਾਮ(ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ) ਤਹਿਤ ਸ੍ਰੀ ਗੁਰਦੀਪ ਸਿੰਘ ਪੁੱਤਰ ਸ੍ਰੀ ਜਗਰੂਪ ਸਿੰਘ ਵਾਸੀ ਪਿੰਡ ਗੇਹਲੇ, ਤਹਿਸੀਲ ਤੇ ਜ਼ਿਲ੍ਹਾ ਮਾਨਸਾ ਨੂੰ ਮੈਸਰਜ ਡੈਫਕੋਨ-1, ਨੇੜੇ ਕਿਸਾਨ ਹੱਟ, ਝੁਨੀਰ ਰੋਡ, ਝੁਨੀਰ, ਜ਼ਿਲ੍ਹਾ ਮਾਨਸਾ ਦੇ ਆਇਲਟਸ ਕੋਚਿੰਗ ਇਮੀਗਰੇਸ਼ਨ ਕਨਸਲਟੈਂਟ ਅਤੇ ਟਿਕਟਿੰਗ ਏਜੰਟ ਦਾ ਲਾਇਸੰਸ ਨੰਬਰ 59/ ਆਰਮਜ਼ ਬਰਾਂਚ ਮਿਤੀ 01.12.2022 ਜਾਰੀ ਕੀਤਾ ਗਿਆ ਸੀ, ਜਿਸ ਦੀ ਮਿਆਦ 19 ਨਵੰਬਰ, 2027 ਤੱਕ ਸੀ।

ਉਨ੍ਹਾਂ ਦੱਸਿਆ ਕਿ ਸ੍ਰੀ ਗੁਰਦੀਪ ਸਿੰਘ ਪੁੱਤਰ ਜਗਰੂਪ ਸਿੰਘ ਵੱਲੋਂ ਇਸ ਦਫ਼ਤਰ ਵਿਖੇ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਦਾ ਸੈਂਟਰ ਪਿਛਲੇ ਕਾਫੀ ਸਮੇਂ ਤੋਂ ਬੰਦ ਪਿਆ ਹੈ। ਉਹ ਇਸ ਸੈਂਟਰ ਨੂੰ ਅੱਗੇ ਨਹੀਂ ਚਲਾਉਣਾ ਚਾਹੁੰਦੇ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਐਕਟ/ ਰੂਲਜ਼ ਮੁਤਾਬਿਕ ਕਿਸੇ ਵੀ ਕਿਸਮ ਦੀ ਇਸ ਦੇ ਖੁਦ ਜਾਂ ਇਸ ਦੀ ਫਰਮ ਦੇ ਖਿਲਾਫ ਕੋਈ ਵੀ ਸ਼ਿਕਾਇਤ ਆਦਿ ਲਈ ਭਰਪਾਈ ਕਰਨ ਦਾ ਸ੍ਰੀ ਗੁਰਦੀਪ ਸਿੰਘ ਪੁੱਤਰ ਜਗਰੂਪ ਸਿੰਘ ਖੁਦ ਜ਼ਿੰਮੇਵਾਰ ਹੋਵੇਗਾ।

# ਸੁਰਿੰਦਰ ਜੌੜਾ ਵੱਲੋਂ ਮਨਮੋਹਨ ਸਿੰਘ ਦੀ ਤਸਵੀਰ ਅਜਾਇਬ ਘਰ ਵਿੱਚ ਸਥਾਪਿਤ ਕਰਨ ਦੇ ਫੈਸਲੇ ਦੀ ਸ਼ਲਾਘਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਜ਼ੀਰਾ 14 ਮਈ ( ਅੰਗਰੇਜ਼ ਬਰਾੜ )– ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਅਤੇ ਪ੍ਰਮੁੱਖ ਸਮਾਜ ਸੇਵੀ ਸੁਰਿੰਦਰ ਸਿੰਘ ਜੌੜਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ( ਐਸ ਜੀ ਪੀ ਸੀ ) ਵੱਲੋਂ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਡਾ ਮਨਮੋਹਨ ਸਿੰਘ ਦੀ ਤਸਵੀਰ ਅਜਾਇਬ ਘਰ ਵਿੱਚ ਸਥਾਪਿਤ ਕਰਨ ਦੇ ਇਤਿਹਾਸਕ ਫੈਸਲੇ ਦਾ ਦਿਲੋਂ ਸਵਾਗਤ ਕੀਤਾ ਹੈ। ਉਨ੍ਹਾਂ ਨੇ ਇਸ ਕਦਮ ਨੂੰ ਸਿੱਖ ਭਾਈਚਾਰੇ ਦੀ ਵਿਰਾਸਤ ਅਤੇ ਡਾ ਸਿੰਘ ਦੀਆਂ ਅਣਮੁੱਲੀਆਂ ਸੇਵਾਵਾਂ ਨੂੰ ਸੰਭਾਲਣ ਦਾ ਪ੍ਰਤੀਕ ਦੱਸਿਆ। ਸੁਰਿੰਦਰ ਸਿੰਘ ਜੌੜਾ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਡਾ ਮਨਮੋਹਨ ਸਿੰਘ ਨੇ 2004 ਤੋਂ 2014 ਤੱਕ ਭਾਰਤ ਦੇ ਪ੍ਰਧਾਨ ਮੰਤਰੀ



ਵਜੋਂ ਸੇਵਾਵਾਂ ਨਿਭਾਉਂਦਿਆਂ ਨਾ ਸਿਰਫ਼ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕੀਤਾ, ਸਗੋਂ ਵਿਸ਼ਵ ਮੰਚ ‘ਤੇ ਭਾਰਤ ਦੀ ਸਾਖ ਨੂੰ ਨਵੀਆਂ ਉਚਾਈਆਂ ‘ਤੇ ਪਹੁੰਚਾਇਆ। ਉਨ੍ਹਾਂ ਦੀਆਂ ਨੀਤੀਆਂ, ਖਾਸ ਕਰਕੇ 1991 ਵਿੱਚ ਵਿੱਤ ਮੰਤਰੀ ਵਜੋਂ ਆਰਥਿਕ ਸੁਧਾਰਾਂ ਨੇ ਭਾਰਤ ਨੂੰ ਵਿਸ਼ਵ ਦੀਆਂ ਪ੍ਰਮੁੱਖ ਅਰਥਵਿਵਸਥਾਵਾਂ ਵਿੱਚ ਸ਼ੁਮਾਰ ਕਰਵਾਇਆ। ਜੌੜਾ ਨੇ ਜ਼ੋਰ ਦੇ ਕੇ ਕਿਹਾ ਕਿ ਡਾ ਸਿੰਘ ਦੀ ਸਾਦਗੀ, ਸੁਚੱਜੀ ਸੋਚ ਅਤੇ ਸਿੱਖ ਭਾਈਚਾਰੇ ਪ੍ਰਤੀ ਸਮਰਪਣ ਨੇ ਉਨ੍ਹਾਂ ਨੂੰ ਸਮੁੱਚੇ ਦੇਸ਼ ਵਿੱਚ ਇੱਕ ਮਿਸਾਲੀ ਨੇਤਾ ਦਾ ਦਰਜਾ ਦਿਵਾਇਆ। ਜੌੜਾ ਨੇ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਨੂੰ ਸਿੱਖ ਇਤਿਹਾਸ ਵਿੱਚ ਇੱਕ ਸੁਨਹਿਰੀ ਅਧਿਆਏ ਦੀ ਸ਼ੁਰੂਆਤ ਦੱਸਿਆ। ਉਨ੍ਹਾਂ ਨੇ ਕਿਹਾ ਕਿ ਡਾ ਮਨਮੋਹਨ ਸਿੰਘ ਪਹਿਲੇ ਸਿੱਖ ਪ੍ਰਧਾਨ ਮੰਤਰੀ ਸਨ, ਜਿਨ੍ਹਾਂ ਨੇ ਆਪਣੀ ਸੂਝ-ਬੂਝ ਅਤੇ ਸਮਰਪਣ ਨਾਲ ਸਿੱਖ ਭਾਈਚਾਰੇ ਦਾ ਮਾਣ ਵਧਾਇਆ। ਅਜਾਇਬ ਘਰ ਵਿੱਚ ਉਨ੍ਹਾਂ ਦੀ ਤਸਵੀਰ ਸਥਾਪਿਤ ਕਰਨਾ ਸਿਰਫ਼ ਉਨ੍ਹਾਂ ਦੀਆਂ ਸੇਵਾਵਾਂ ਨੂੰ ਸਨਮਾਨ ਦੇਣ ਦਾ ਹੀ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੇ ਜੀਵਨ ਅਤੇ ਯੋਗਦਾਨ ਤੋਂ ਪ੍ਰੇਰਣਾ ਲੈਣ ਦਾ ਮੌਕਾ ਪ੍ਰਦਾਨ ਕਰੇਗਾ। ਸੁਰਿੰਦਰ ਸਿੰਘ ਜੌੜਾ ਨੇ ਅੱਗੇ ਕਿਹਾ ਕਿ ਡਾ ਮਨਮੋਹਨ ਸਿੰਘ ਦੀ ਸਿੱਖ ਵਿਰਾਸਤ ਅਤੇ ਉਨ੍ਹਾਂ ਦੀਆਂ ਨੀਤੀਆਂ ਨੇ ਸਮਾਜ ਦੇ ਹਰ ਵਰਗ ਨੂੰ ਸਸ਼ਕਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੀਆਂ ਸਮਾਜ ਕਲਿਆਣਕਾਰੀ ਯੋਜਨਾਵਾਂ, ਜਿਵੇਂ ਕਿ ਮਨਰੇਗਾ ਅਤੇ ਸਿੱਖਿਆ ਦੇ ਖੇਤਰ ਵਿੱਚ ਸੁਧਾਰ, ਨੇ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਸਕਾਰਾਤਮਕ ਬਦਲਾਅ ਲਿਆਂਦੇ। ਜੌੜਾ ਨੇ ਜ਼ੋਰ ਦੇ ਕੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਇਹ ਕਦਮ ਸਿੱਖ ਭਾਈਚਾਰੇ ਦੀਆਂ ਪ੍ਰਾਪਤੀਆਂ ਨੂੰ ਸੰਭਾਲਣ ਅਤੇ ਸਮੁੱਚੇ ਸਮਾਜ ਵਿੱਚ ਏਕਤਾ ਦਾ ਸੁਨੇਹਾ ਪ੍ਰਸਾਰਿਤ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਹੈ।

# ਸੰਯੁਕਤ ਕਿਸਾਨ ਮੋਰਚੇ ਨੇ ਕੱਢਿਆ ਅਮਨ ਮਾਰਚ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ,14 ਮਈ (ਜਗਸੀਰ ਸਿੰਘ ) - ਦੇਸ਼ ਵਿੱਚ ਬਣੇ ਜੰਗ ਦੇ ਮਾਹੌਲ ਖਿਲਾਫ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਅੱਜ ਕਿਸਾਨ ਜੱਥੇਬੰਦੀਆਂ ਦੀ ਅਗਵਾਈ ਹੇਠ ਵੱਡੀ ਗਿਣਤੀ ਕਿਸਾਨ ਦਾਣਾ ਮੰਡੀ ਵਿੱਚ ਇਕੱਠੇ ਹੋਏ ਅਤੇ ਉਥੇ ਰੈਲੀ ਕਰਨ ਉਪਰੰਤ ਸ਼ਹਿਰ ਦੇ ਬਾਜਾਰਾਂ ਵਿਚ ਅਮਨ ਮਾਰਚ ਕੱਢਿਆ ਗਿਆ ਅਤੇ ਜੰਗਬਾਜ਼ ਤਾਕਤਾਂ ਨੂੰ ਜੰਗ ਦਾ ਮਾਹੌਲ ਬਣਾਉਣ ਤੋਂ ਬਾਜ਼ ਆਉਣ ਦੀ ਚੇਤਾਵਨੀ ਦਿੱਤੀ ਗਈ ਅਤੇ ਲੋਕਾਂ ਨੂੰ ਇਹਨਾਂ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ। ਅੱਜ ਦਾਣਾ ਮੰਡੀ ਵਿੱਚ ਕੀਤੀ ਰੈਲੀ ਨੂੰ ਸੰਬੋਧਨ ਕਰਦਿਆਂ ਬੀਕੇਯੂ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ,ਬੀਕੇਯੂ ਏਕਤਾ ਡਕੌਂਦਾ ਦੇ ਸੂਬਾ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ,ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਮੇਜਰ ਸਿੰਘ ਪੁੰਨਾਵਾਲ,ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕਪਿਆਲ,ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ






ਊਧਮ ਸਿੰਘ ਸੰਤੋਖਪੁਰਾ,ਬੀਕੇਯੂ ਡਕੌਂਦਾ ਧਨੇਰ ਦੇ ਜ਼ਿਲਾ ਸਕੱਤਰ ਜਗਤਾਰ ਸਿੰਘ ਦੁੱਗਾਂ,ਕੁੱਲ ਹਿੰਦ ਕਿਸਾਨ ਫੈਡਰੇਸ਼ਨ ਦੇ ਜਿਲਾ ਆਗੂ ਨਿਰੰਜਨ ਸਿੰਘ ਸਫੀਪੁਰ ਨੇ ਦੱਸਿਆ ਕਿ ਦੇਸ਼ ਵਿੱਚ ਜੋ ਪਿਛਲੇ ਦਿਨਾਂ ਵਿੱਚ ਜੰਗ ਦਾ ਮਾਹੌਲ ਬਣਿਆ ਇਸ ਮਾਹੌਲ ਲਈ ਦੇਸ਼ ਦੇ ਹਾਕਮਾਂ ਦੀਆਂ ਜੰਗਬਾਜ਼ ਨੀਤੀਆਂ ਜਿੰਮੇਵਾਰ ਹਨ੍। ਪਹਿਲਗਾਮ ਵਿੱਚ ਮਾਰੇ ਗਏ ਸੈਲਾਨੀਆਂ ਦੇ ਕਤਲੇਆਮ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮੰਗ ਕੀਤੀ ਕਿ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਕਿ ਸੁਰੱਖਿਆ ਏਜੰਸੀਆਂ ਦੀ ਚੇਤਾਵਨੀ ਦੇ ਬਾਵਜੂਦ ਵੱਡੀ ਗਿਣਤੀ ਸੈਲਾਨੀਆਂ ਦੀ ਆਮਦ ਵਾਲੇ ਖੇਤਰ ਵਿਚੋਂ ਸੁਰੱਖਿਆ ਕਿਉਂ ਹਟਾਈ ਗਈ। ਪਰ ਆਪਣੇ ਸੌੜੇ ਸਿਆਸੀ ਹਿੱਤਾਂ ਨੂੰ ਪੂਰਾ ਕਰਨ ਲਈ ਦੇਸ਼ ਵਿੱਚ ਜੰਗ ਦਾ ਮਾਹੌਲ ਬਣਾਇਆ ਗਿਆ ਅਤੇ ਸੋਸ਼ਲ ਮੀਡੀਆ ਉੱਪਰ ਫਿਰਕੂ ਹਨੇਰੀ ਝੁਲਾ ਕੇ ਇੱਕ ਫਿਰਕੇ ਵਿਸ਼ੇਸ਼ ਦੇ ਲੋਕਾਂ ਖਿਲਾਫ ਨਫਰਤ ਦਾ ਮਾਹੌਲ ਪੈਦਾ ਕੀਤਾ ਗਿਆ। ਜਿਸ ਨਾਲ ਦੇਸ਼ ਵਿੱਚ ਅਣਸੁਖਾਵਾਂ ਮਾਹੌਲ ਬਣਿਆ।ਆਗੂਆਂ ਨੇ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਜੰਗ ਨਹੀਂ ਰੁਜ਼ਗਾਰ,ਇਲਾਜ, ਪੜ੍ਹਾਈ ਦੀਆਂ ਸਹੂਲਤਾਂ ਅਤੇ ਜਮਹੂਰੀ ਮਾਹੌਲ ਦੀ ਲੋੜ ਹੈ। ਸਾਡੇ ਦੇਸ਼ ਦੇ ਹਾਕਮ ਸਾਮਰਾਜੀ ਹਾਕਮਾਂ ਦੀ ਅਧੀਨਗੀ ਕਬੂਲਦਿਆਂ ਜਿੱਥੇ ਅਮਰੀਕਾ ਨਾਲ ਮੁਕਤ ਵਪਾਰ ਸਮਝੌਤੇ ਕਰ ਰਹੇ ਹਨ ਉਥੇ ਹੀ ਦੋਵਾਂ ਦੇਸ਼ਾਂ ਵਿਚਕਾਰ ਅਮਰੀਕਾ ਦੁਆਰਾ ਜੰਗਬੰਦੀ ਕਰਵਾਉਣਾ ਵੀ ਸਾਬਿਤ ਕਰਦਾ ਹੈ ਕਿ ਸਾਡੇ ਦੇਸ਼ ਦੇ ਹਾਕਮ ਅਮਰੀਕੀ ਸਾਮਰਾਜ ਅਤੇ ਹੋਰ ਸਾਮਰਾਜਜੀ ਦੇਸ਼ਾਂ ਦੀ ਅਧੀਨਗੀ ਤਹਿਤ ਕੰਮ ਕਰ ਰਹੇ ਹਨ। ਇਹ ਸਾਮਰਾਜੀ ਤਾਕਤਾਂ ਕਦੇ ਵੀ ਲੋਕ ਹਿੱਤ ਵਿੱਚ ਨਹੀਂ ਹੋ ਸਕਦੀਆਂ।ਕਿਰਤੀ ਲੋਕਾਂ ਨੂੰ ਇਹਨਾਂ ਜੰਗਬਾਜ਼ ਸਾਮਰਾਜੀ ਤਾਕਤਾਂ ਖਿਲਾਫ ਇੱਕਜੁੱਟ ਸੰਘਰਸ਼ ਦੀ ਲੋੜ ਹੈ।ਰੈਲੀ ਕਰਨ ਉਪਰੰਤ ਦਾਣਾ ਮੰਡੀ ਤੋਂ ਭਗਤ ਸਿੰਘ ਚੌਂਕ,ਵੱਡੇ ਚੌਂਕ ਹੁੰਦੇ ਹੋਏ ਬੱਸ ਸਟੈਂਡ ਤੱਕ ਅਮਨ ਮਾਰਚ ਕੱਢ ਕੇ ਲੋਕਾਂ ਨੂੰ ਭਾਈਚਾਰਕ ਸਾਂਝ ਦਾ ਸੁਨੇਹਾ ਦਿੱਤਾ ਗਿਆ ਤੇ ਜੰਗਬਾਜ਼ ਹਾਕਮਾਂ ਦੀਆਂ ਚਾਲਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ ਗਿਆ। ਦਾਣਾ ਮੰਡੀ ਵਿੱਚ ਹੋਈ ਰੈਲੀ ਨੂੰ ਬੀਕੇਯੂ ਏਕਤਾ ਉਗਰਾਹਾਂ ਦੇ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ,ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਮੀਤ ਪ੍ਰਧਾਨ ਕਸ਼ਮੀਰ ਸਿੰਘ ਘਰਾਚੋਂ,ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਇੰਦਰਪਾਲ ਸਿੰਘ ਪੁੰਨਾਵਾਲ,ਬੀਕੇਯੂ ਡਕੌਂਦਾ ਬੁਰਜਗਿੱਲ ਦੇ ਜ਼ਿਲ੍ਹਾ ਪ੍ਰਧਾਨ ਕਰਮ ਸਿੰਘ ਬਲਿਆਲ,ਕੁਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਜਿਲਾ ਆਗੂ ਨਿਰਮਲ ਸਿੰਘ ਬਟੜਿਆਣਾ,ਹਰਮੇਲ ਸਿੰਘ ਮਹਿਰੋਕ, ਦਰਬਾਰਾ ਸਿੰਘ ਛਾਜਲਾ,ਦਰਸ਼ਨ ਸਿੰਘ ਕੁੰਨਰਾਂ, ਰਣਧੀਰ ਸਿੰਘ ਭੱਟੀਵਾਲ,ਮਹਿੰਦਰ ਸਿੰਘ ਭੱਠਲ,ਡੀਟੀਐਫ ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਵੀ ਸੰਬੋਧਨ ਕੀਤਾ।

# ਅਕੇਡੀਆ ਵਰਲਡ ਸਕੂਲ ਦਾ ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਸੁਨਾਮ ਊਧਮ ਸਿੰਘ ਵਾਲਾ,14 ਮਈ ( ਜਗਸੀਰ ਲੌਂਗੋਵਾਲ)- ਸੀ.ਬੀ.ਐਸ.ਈ ਨੇ 10ਵੀਂ ਜਮਾਤ ਦੀ ਬੋਰਡ ਪ੍ਰੀਖਿਆ(2024-25) ਦਾ ਨਤੀਜਾ ਐਲਾਨ ਕਰ ਦਿੱਤਾ ਹੈ ਤੇ ਅਕੇਡੀਆ ਵਰਲਡ ਸਕੂਲ, ਸੁਨਾਮ ਦੇ ਵਿਦਿਆਰਥੀ ਚਮਕਦੇ ਹੋਏ ਸਾਹਮਣੇ ਆਏ ਹਨ। ਸਕੂਲ ਦੇ ਚੇਅਰਮੈਨ ਗਗਨਦੀਪ ਸਿੰਘ ਜੀ ਨੇ ਦੱਸਿਆ ਕਿ ਸੀ.ਬੀ.ਐਸ.ਈ ਬੋਰਡ ਦੀਆਂ ਪ੍ਰੀਖਿਆਵਾਂ ‘ਚ ਸਕੂਲ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ। ਦਰਅਸਲ ਇਹ ਸਕੂਲ ਤੇ ਉਨਾਂ ਵਿਦਿਆਰਥੀਆਂ ਦੇ ਮਾਪਿਆਂ ਲਈ ਮਾਣ ਵਾਲੀ ਗੱਲ ਹੈ




ਜਿਨ੍ਹਾਂ ਦੇ ਬੱਚਿਆਂ ਨੇ ਬੋਰਡ ਦੀ ਪ੍ਰੀਖਿਆ ‘ਚ ਸ਼ਾਨਦਾਰ ਅੰਕ ਪ੍ਰਾਪਤ ਕੀਤੇ ਹਨ। ਦਸਵੀਂ ਜਮਾਤ ਦੀ ਵਿਦਿਆਰਥਣ ਦੀਕਸ਼ਾ ਸ਼ਰਮਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 97.8 ਪ੍ਰਤੀਸ਼ਤ ਅੰਕ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਯੁਵਰਾਜ ਸਿੰਗਲਾ ਨੇ 95.6 ਪ੍ਰਤੀਸ਼ਤ, ਅੰਕ ਹਾਸਲ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ। ਕਸ਼ਿਕਾ ਨੇ 95.4 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਸਿਮਰਨਪ੍ਰੀਤ ਕੌਰ 93.8 ਪ੍ਰਤੀਸ਼ਤ , ਜੈਸਮੀਨ ਕੌਰ 93 ਪ੍ਰਤੀਸ਼ਤ, ਸ਼ਗਨਪ੍ਰੀਤ ਕੌਰ 92.8 ਪ੍ਰਤੀਸ਼ਤ, ਹਸ਼ਮੀਤ ਸਿੰਘ 92.4 ਪ੍ਰਤੀਸ਼ਤ, ਦੀਵਾਨਸ਼ੀ ਗੋਇਲ 88.8 ਪ੍ਰਤੀਸ਼ਤ, ਅਵਨੀਤ ਕੌਰ 87.8 ਪ੍ਰਤੀਸ਼ਤ , ਅਵਨੀਤ ਕੌਰ ਵਿਰਕ 86 ਪ੍ਰਤੀਸ਼ਤ , ਸਨਹਾ 85.4 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ।ਬਾਕੀ ਸਾਰੇ ਬੱਚਿਆਂ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ ਹਨ। ਵਿਦਿਆਰਥੀਆਂ ਨੇ ਅੰਗਰੇਜ਼ੀ ਵਿੱਚੋਂ 98, ਹਿੰਦੀ - 98, ਪੰਜਾਬੀ-100, ਗਣਿਤ - 99, ਵਿਗਿਆਨ- 93, ਸਮਾਜਿਕ ਸਿੱਖਿਆ-99, ਇਨਫੋਰਮੇਸ਼ਨ ਟੈਕਨੋਲੋਜੀ-96 ਵੱਧ ਤੋਂ ਵੱਧ ਅੰਕ ਪ੍ਰਾਪਤ ਕੀਤੇ । ਸਕੂਲ ਦੇ ਪ੍ਰਿੰਸੀਪਲ ਰਣਜੀਤ ਕੌਰ ਜੀ ਨ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਉਪਰਾਲੇ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਕੂਲ ਦੇ ਸਾਰੇ ਅਧਿਆਪਕ ਭਵਿੱਖ ਵਿੱਚ ਉਹਨਾਂ ਦੀ ਮਦਦ ਅਤੇ ਮਾਰਗਦਰਸ਼ਨ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਸਾਰੇ ਸਕੂਲ ਸਟਾਫ਼,ਵਿਦਿਆਰਥੀਆਂ, ਤੇ ਉਹਨਾਂ ਦੇ ਮਾਤਾ -ਪਿਤਾ ਨੂੰ ਵੀ ਵਧਾਈ ਦਿੱਤੀ।

# 10 ਸਕੂਲਾਂ ‘ਚ 34.50 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕੰਮਾਂ ਦੇ ਉਦਘਾਟਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਫਗਵਾੜਾ 14 ਮਈ (ਸ਼ਿਵ ਕੌੜਾ) ਪੰਜਾਬ ਸਰਕਾਰ ਵਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਦੇ ਕਾਇਆਕਲਪ ਲਈ ਕੀਤੇ ਜਾ ਰਹੇ ਵਿਕਾਸ ਕੰਮਾਂ ਤਹਿਤ ਅੱਜ ਜ਼ਿਲ੍ਹੇ ਭਰ ਦੇ 10 ਹੋਰ ਸਰਕਾਰੀ ਸਕੂਲਾਂ ਅੰਦਰ 34.56 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੇ ਉਦਘਾਟਨ ਹੋਏ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ.ਰਾਜ ਕੁਮਾਰ ਚੱਬੇਵਾਲ ਤੇ ਫਗਵਾੜਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਸ.ਜੋਗਿੰਦਰ ਸਿੰਘ ਮਾਨ ਵਲੋਂ ਸਰਕਾਰੀ ਹਾਈ







ਸਕੂਲ ਪਾਂਸ਼ਟਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਰਾਮਗੜ੍ਹ ਵਿਖੇ ਸਪੋਰਟਸ ਟਰੈਕ ਅਤੇ ਚਾਰਦੀਵਾਰੀ ਦੇ ਵਿਕਾਸ ਕਾਰਜਾਂ ਨੂੰ ਲੋਕਅਰਪਿਤ ਕੀਤਾ ਗਿਆ ਇਸ ਤੋਂ ਇਲਾਵਾ ਡਾਇਰੈਕਟਰ ਜਲ ਸਰੋਤ ਵਿਭਾਗ ਪੰਜਾਬ ਅਤੇ ਮੈਂਬਰ ਪੰਜਾਬ ਕ੍ਰਿਕਟ ਐਸੋਸੀਏਸ਼ਨ ਹਰਸਿਮਰਨ ਸਿੰਘ ਵਲੋਂ 24.06 ਲੱਖ ਰੁਪਏ ਦੀ ਲਾਗਤ ਨਾਲ ਬਲਾਕ ਭੁਲੱਥ ਦੇ ਸਰਕਾਰੀ ਪ੍ਰਾਇਮਰੀ ਤੇ ਮਿਡਲ ਸਕੂਲ ਕੂਕਾ ਸਰਕਾਰੀ ਮਿਡਲ ਸਕੂਲ ਤਲਵੰਡੀ ਕੂਕਾ ਸਰਕਾਰੀ ਪ੍ਰਾਇਮਰੀ ਸਕੂਲ ਲੁਬਾਣਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੰਗਲ ਲੁਬਾਣਾ ਵਿਖੇ ਚਾਰਦੀਵਾਰੀ, ਰਿਪੇਅਰ ਤੇ ਲਾਇਬ੍ਰੇਰੀ ਦੇ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ ਕਪੂਰਥਲਾ ਬਲਾਕ ਵਿਖੇ ਚੇਅਰਮੈਨ ਪੰਜਾਬ ਰਾਜ ਬੀ.ਸੀ. ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਸੰਦੀਪ ਸੈਣੀ ਵਲੋਂ 7.3 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਖਾਨੋਵਾਲ, ਸਰਕਾਰੀ ਪ੍ਰਾਇਮਰੀ ਸਕੂਲ ਸਿਧਵਾਂ ਦੋਨਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਮਾਛੀਪਾਲ ਵਿਖੇ ਸਕੂਲਾਂ ਦੀ ਚਾਰਦੀਵਾਰ ਤੇ ਰਿਪੇਅਰ ਦੇ ਉਦਘਾਟਨ ਕੀਤੇ ਗਏ ਇਸ ਮੌਕੇ ਆਮ ਆਦਮੀ ਪਾਰਟੀ ਦੇ ਬੁਲਾਰੇ ਹਰਜੀ ਮਾਨ , ਜੁਆਇੰਟ ਸਕੱਤਰ ਗੁਰਪਾਲ ਸਿੰਘ ਇੰਡੀਅਨ ਤੇ ਹੋਰ ਹਾਜ਼ਰ ਸਨ।

# 12 ਵੀ ਦੇ ਨਤੀਜਿਆਂ ‘ ਚ ਰੁਪਿੰਦਰ ਨੇ 91% ਅੰਕ ਕੀਤੇ ਪ੍ਰਾਪਤ

## ਬਿਜ਼ਨਸ ਵਿਸੇ ਚ ਆਏ 100 ਵਿਚੋਂ 100 ਅੰਕ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ,14 ਮਈ (ਜਗਸੀਰ ਲੌਂਗੋਵਾਲ) - ਸੀ .ਬੀ .ਐਸ. ਈ ਦੇ ਬਾਰਵੀਂ ਵੀ ਜਮਾਤ ਦੇ ਐਲਾਨੇ ਨਤੀਜਿਆਂ ਚ ਗੋਲਡਨ ਅਰਥ ਗਲੋਬਲ ਸਕੂਲ ਸੰਗਰੂਰ ਦੀ ਹੋਣਹਾਰ ਵਿਦਿਆਰਥਣ ਰੁਪਿੰਦਰਜੀਤ ਕੌਰ ਨੇ (ਕਮਰਸ) 91% ਪ੍ਰਤੀਸ਼ਤ ਅੰਕ ਲੈ ਕੇ ਆਪਣੇ ਸਕੂਲ, ਅਧਿਆਪਕਾਂ ਤੇ ਮਾਪਿਆਂ ਦਾ



ਨਾਂ ਰੋਸ਼ਨ ਕੀਤਾ ਹੈ। ਬਿਜ਼ਨਸ ਵਿਸੇ ਚ 100 ਵਿਚੋਂ 100 ਅੰਕ ਲੈ ਕੇ ਰੁਪਿੰਦਰਜੀਤ ਕੌਰ ਆਪਣੇ ਜ਼ਿਲੇ ਦਾ ਨਾਂ ਰੋਸ਼ਨ ਕੀਤਾ ਹੈ। ਆਪਣੀ ਇਸ ਸ਼ਾਨਦਾਰ ਪ੍ਰਾਪਤੀ ਤੋਂ ਬਾਅਦ ਰੁਪਿੰਦਰ ਜੀਤ ਕੌਰ ਨੇ ਕਿਹਾ ਕਿ ਉਸ ਦਾ ਅਗਲਾ ਟੀਚਾ ਚਾਰਟਰਡ ਅਕਾਊਂਟੈਂਟ ਬਣਨ ਦਾ ਹੈ।ਉਸ ਨੇ ਆਪਣੀ ਇਸ ਸਫਲਤਾ ਦਾ ਸਿਹਰਾ ਆਪਣੇ ਅਧਿਆਪਕਾ ਅਤੇ ਮਾਂ ਪਿਤਾ ਨੂੰ ਦਿੱਤਾ ਜਿਨ੍ਹਾਂ ਦੀ ਸਖ਼ਤ ਮਿਹਨਤ ਸਦਕਾ ਉਹ ਐਨੇ ਵਧੀਆ ਅੰਕ ਲੈ ਸਕੀ। ਪਿਤਾ ਯਾਦਵਿੰਦਰ ਸਿੰਘ ਤੇ ਮਾਂ ਅਮਨਦੀਪ ਕੌਰ ਦੀ ਇਸ ਹੋਣਹਾਰ ਧੀ ਨੇ ਕਿਹਾ ਕਿ ਸਖ਼ਤ ਮਿਹਨਤ, ਸਮਾਂ ਪ੍ਰਬੰਧਨ, ਅਤੇ ਅਨੁਸ਼ਾਸਨ ਉਸ ਦੀ ਉਕਤ ਪ੍ਰਾਪਤੀ ਦਾ ਜਿਥੇ ਮੁੱਖ ਅਧਾਰ ਰਹੇ ਹਨ ਉਥੇ ਹੀ ਮੈਂ ਆਪਣੇ ਹਰ ਵਿਸੇ ਨੂੰ ਪੂਰਾ ਸਮਾਂ ਦੇ ਕੇ ਨਿਯਮਿਤ ਪੜ੍ਹਾਈ ਕੀਤੀ । ਇਸ ਮੌਕੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਰੁਪਿੰਦਰਜੀਤ ਦੇ ਅਧਿਆਪਕ ਨਿਸ਼ਕਾਮ ਜੋਹਰ, ਰੁਚੀ ਜਿੰਦਲ ਅਤੇ ਮੈਡਮ ਈਸ਼ਾ ਨੇ ਕਿਹਾ ਕਿ ਮਿਹਨਤ ਆਦਤ ਬਣ ਜਾਵੇ ਤਾਂ ਕਾਮਯਾਬੀ ਮੁਕੱਦਰ ਜ਼ਰੂਰ ਬਣਦੀ ਹੈ।

# ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਦਾ ਬਾਰਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com



ਮਿਤੀ, 13 ਮਈ( ਕਮਲ ਜਿੰਦਲ)

ਸੀਬੀਐਸਈ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਸਰਵਹਿੱਤਕਾਰੀ ਵਿੱਦਿਆ ਮੰਦਰ ਸੀਬੀਐਸਈ ਭੀਖੀ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਡਾਕਟਰ ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਬੜੇ ਹੀ ਮਾਣ ਦੀ ਗੱਲ ਹੈ ਕਿ ਬਾਰਵੀਂ ਜਮਾਤ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ । ਸ਼ੈਸ਼ਨ 2024-25ਦੇ ਅਕਾਦਮਿਕ ਵਰ੍ਹੇ ਦੌਰਾਨ (ਸਾਇੰਸ, ਕੱਾਮਰਸ, ਆਰਟਸ) ਗਰੁੱਪ ਦੇ ਕੁੱਲ 107ਬੱਚਿਆਂ ਨੇ ਬਾਰਵੀਂ ਦੀ ਪ੍ਰੀਖਿਆ ਦਿੱਤੀ ਸੀ। ਅਸੀਂ ਇਹ ਦੱਸਦੇ ਹੋਏ ਬੜਾ ਹੀ ਫ਼ਖ਼ਰ ਮਹਿਸੂਸ ਕਰ ਰਹੇ ਹਾਂ ਕਿ ਹੈ ਕਿ ਬਾਰਵੀਂ ਆਰਟਸ ਗਰੁੱਪ ਚੋਂ ਰਮਨਦੀਪ ਕੌਰ ਨੇ 95%ਅੰਕ ਪ੍ਰਾਪਤ ਕਰਕੇ ਪਹਿਲਾ, ਭੂਮਿਕਾ ਨੇ 92%ਅੰਕ ਪ੍ਰਾਪਤ ਕਰਕੇ ਦੂਜਾ ਅਤੇ ਹੁਸਨਪ੍ਰੀਤ ਕੌਰ ਨੇ 86.8%ਅੰਕ ਪ੍ਰਾਪਤ ਕਰਕੇ ਤੀਜਾ, ਕੱਾਮਰਸ ਗਰੁੱਪ ਚੋਂ ਅਨਮੋਲਪ੍ਰੀਤ ਸਿੰਘ ਨੇ92. 6% ਪਹਿਲਾ, ਖੁਸ਼ਮਨਪ੍ਰੀਤ ਕੌਰ ਨੇ 91.4% ਦੂਜਾ, ਨਿਰਵਾਣ ਜਿੰਦਲ ਨੇ 90. 2% ਪ੍ਰਤੀਸ਼ਤ ਅੰਕਾਂ ਨਾਲ ਤੀਸਰਾ ਸਥਾਨ ਪ੍ਰਾਪਤ ਕਰਕੇ ਆਪਣੇ ਵਿੱਦਿਆ ਮੰਦਰ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਇਸੇ ਤਰ੍ਹਾਂ ਹੀ ਸਾਇੰਸ ਗਰੁੱਪ ‘ ਚ ਸੁਪਨਪ੍ਰੀਤ ਕੌਰ ਨੇ 91. 6%ਪਹਿਲਾ, ਚੇਤੰਨਿਆ ਗੌਤਮ ਨੇ 90.6 %ਦੂਸਰਾ ਅਤੇ ਜਸ਼ਨਪ੍ਰੀਤ ਸਿੰਘ ਨੇ 89.2%ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਅਤੇ ਸਭ ਦਾ ਮਾਣ ਵਧਾਇਆ ਹੈ। ਬੱਚਿਆਂ ਦੀ ਇਸ ਸ਼ਾਨਦਾਰ ਸਫਲਤਾ ਦੇ ਮੌਕੇ ਉੱਤੇ ਸਕੂਲ ਪ੍ਰਬੰਧਕ ਕਮੇਟੀ, ਸਕੂਲ ਪ੍ਰਿੰਸੀਪਲ ਡਾ: ਗਗਨਦੀਪ ਪਰਾਸ਼ਰ ਅਤੇ ਸਮੂਹ ਸਟਾਫ ਵੱਲੋਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਬਹੁਤ ਬਹੁਤ ਵਧਾਈ ਦਿੱਤੀ ਗਈ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ ।

# ਦਸਵੀਂ ਦੀ ਪ੍ਰੀਖਿਆ ‘ਚ ਸੌ ਫੀਸਦੀ ਰਿਹਾ ਡਿਵਾਈਨ ਪਬਲਿਕ ਸਕੂਲ ਦਾ ਨਤੀਜਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com



ਫਗਵਾੜਾ 14 ਮਈ (ਸ਼ਿਵ ਕੌੜਾ) ਸੀ.ਬੀ.ਐਸ.ਈ. ਬੋਰਡ ਵਲੋਂ ਮਾਰਚ 2025 ‘ਚ ਲਈ ਗਈ 10ਵੀਂ ਦੀ ਬੋਰਡ ਪ੍ਰੀਖਿਆ ਵਿੱਚ ਡਿਵਾਈਨ ਪਬਲਿਕ ਸਕੂਲ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਸੌ ਫੀਸਦੀ ਰਿਹਾ ਹੈ। ਸਾਰੇ ਹੀ ਵਿਦਿਆਰਥੀਆਂ ਨੇ ਚੰਗੇ ਅੰਕਾਂ ਦੇ ਨਾਲ ਇਮਤਿਹਾਨ ਪਾਸ ਕੀਤਾ ਹੈ। ਵਧੇਰੇ ਜਾਣਕਾਰੀ ਦਿੰਦਿਆਂ ਸਕੂਲ ਦੀ ਪ੍ਰਿੰਸੀਪਲ ਰੇਣੂ ਠਾਕੁਰ ਨੇ ਦੱਸਿਆ ਕਿ ਸਵਲੀਨ ਕੌਰ ਨੇ 87.4 ਪ੍ਰਤੀਸ਼ਤ ਅੰਕਾਂ ਨਾਲ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਤਾਨਿਆ ਵਰਮਾ ਨੇ 86.2 ਪ੍ਰਤੀਸ਼ਤ ਅੰਕਾਂ ਨਾਲ ਦੂਜਾ ਜਦਕਿ ਪਾਇਲ ਵਰਮਾ ਨੇ 84.4 ਪ੍ਰਤੀਸ਼ਤ ਅੰਕਾਂ ਨਾਲ ਸਕੂਲ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਸਕੂਲ ਦੇ ਹੋਣਹਾਰ ਵਿਦਿਆਰਥੀਆਂ ਤੋਂ ਇਲਾਵਾ ਉਨ੍ਹਾਂ ਨੇ ਸਕੂਲ ਸਟਾਫ਼ ਅਤੇ ਬੱਚਿਆਂ ਦੇ ਮਾਪਿਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਸਕੂਲ ਦੇ ਚੇਅਰਮੈਨ ਪੰਕਜ ਕਪੂਰ ਨੇ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ’ਤੇ ਖੁਸ਼ੀ ਪ੍ਰਗਟਾਈ। ਉਨ੍ਹਾਂ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਮੁਕਾਬਲੇ ਦੇ ਇਸ ਯੁੱਗ ਵਿੱਚ ਸਿੱਖਿਆ ਦਾ ਬਹੁਤ ਮਹੱਤਵ ਹੈ। ਜ਼ਿੰਦਗੀ ‘ਚ ਇੱਕ ਸਫਲ ਨਾਗਰਿਕ ਬਣਨ ਲਈ ਉੱਚ ਕਲਾਸਾਂ ਦੀ ਲਗਨ ਨਾਲ ਪੜ੍ਹਾਈ ਕੀਤੀ ਜਾਵੇ।

# ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਧਾਰਮਿਕ ਸਮਾਗਮ ਕਰਵਾਇਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com



ਮੋਰਿੰਡਾ 14 ਮਈ ( ਪਤਰ ਪ੍ਰੇਰਕ) ਇਤਿਹਾਸਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਸਮੇਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਦਵਿੰਦਰ ਸਿੰਘ ਨੇ ਦੱਸਿਆ ਕਿ ਇਸ ਸਮੇਂ ਭਾਈ ਸੇਵਕ ਸਿੰਘ ਕਮਲ ਹਜ਼ੂਰੀ ਰਾਗੀ, ਗਿਆਨੀ ਹਰਵਿੰਦਰ ਸਿੰਘ ਮਨੈਲੀ ਅਤੇ ਬੀਬੀ ਕਮਲਜੀਤ ਕੌਰ ਗੁਰਦਾਸਪੁਰ ਵਾਲਿਆਂ ਨੇ ਅਪਣੇ ਜਥਿਆਂ ਸਮੇਤ ਕਥਾ ਅਤੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਸਮੂਹ ਰਾਗੀ, ਢਾਡੀ ਜਥਿਆਂ ਵਲੋਂ ਗੁਰਬਾਣੀ ਰਾਹੀਂ ਗੁਰਬਾਣੀ ਨਾਲ ਜੁੜਨ, ਕਿਰਤ ਕਰਨ ਨਾਮ ਜਪਣ ਵੰਡ ਛਕਣ ਅਤੇ ਜ਼ਬਰ ਜ਼ੁਲਮ ਖਿਲਾਫ ਮੁਹਰਲੀ ਕਤਾਰ ਵਿੱਚ ਹੋ ਕੇ ਲੜਨ ਦਾ ਸਦਾ ਦਿਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ, ਕੌਂਸਲਰ ਰਾਜਪ੍ਰੀਤ ਸਿੰਘ ਰਾਜੀ, ਹਰਜੀਤ ਸਿੰਘ ਸੋਢੀ, ਹਰਮਿੰਦਰ ਸਿੰਘ ਲੱਕੀ,ਸਰਪੰਚ ਮਨਵੀਰ ਸਿੰਘ, ਹਰਬੰਸ ਸਿੰਘ ਸਮਾਣਾ ਸਾਬਕਾ ਸੰਮਤੀ ਮੈਂਬਰ, ਸ਼ੇਰ ਸਿੰਘ ਡੂਮਛੇੜੀ,ਇਕਬਾਲ ਸਿੰਘ ਡੂਮਛੇੜੀ, ਸਰਪੰਚ ਹਰਬੰਸ ਸਿੰਘ ਦਾਤਾਰਪੁਰ, ਕੁਲਵਿੰਦਰ ਸਿੰਘ ਕਲਹੇੜੀ, ਗੁਰਜੀਤ ਸਿੰਘ ਜੀਤੀ , ਰਾਵਿੰਦਰ ਸਿੰਘ ਰਾਜੂ,ਰਸ਼ਪਾਲ ਸਿੰਘ ਗੋਪਾਲ ਪੁਰ, ਗੁਰਮੁੱਖ ਸਿੰਘ, ਰਵਿੰਦਰ ਸਿੰਘ ਘੋਕੀ, ਸੋਹਣ ਸਿੰਘ ਲੁਠੇੜੀ, ਭੁਪਿੰਦਰ ਸਿੰਘ ਢੋਲਣ ਮਾਜਰਾ, ਮਾਂ ਹਾਕਮ ਸਿੰਘ, ਹਰਨੇਕ ਸਿੰਘ, ਬਾਰਾ ਸਿੰਘ ਰੌਣੀ, ਚਰਨਜੀਤ ਸਿੰਘ ਚੰਨੀ ਢੋਲਣ ਮਾਜਰਾ,ਨਵਤੇਜ ਸਿੰਘ ਤੇਜੀ ਫਤਿਹ ਪੁਰ, ਗੁਰਪ੍ਰੀਤ ਸਿੰਘ ਬਾਲ ਸੰਡਾ, ਹਰਦੀਪ ਸਿੰਘ ਅਨੰਦ, ਬਹਾਦਰ ਸਿੰਘ ਸਮਾਣਾ, ਹਰਪ੍ਰੀਤ ਰੌਣੀ ਕਲਾਂ ਆਦਿ ਪਤਵੰਤੇ ਸੱਜਣ ਹਾਜ਼ਰ ਸਨ।

ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ

Placement Camp on 16-05-2025
at Govt. ITI, Sunam

ਸਮਾਂ:-
ਸਵੇਰੇ 10:00 ਵਜੇ ਤੋਂ ਦੁਪਹਿਰ 2 ਵਜੇ ਤੱਕ

| Sr. No. | Company | Post and Type of Work | Age Limit | Gender | Qualification | Exp. Y/N |
|---|---|---|---|---|---|---|
| 1 | A.P. Organics | Helper | 18 to 40 | M | 10th | Both |
| | | Chemist | 18 to 40 | Both | B.Sc. Non Medical | Both |
| | | Asst. Operator | 18 to 40 | M | ITI - Electrical, Electrician | Both |
| 2 | Ricela Health Foods Ltd. | Helper | 18 to 40 | M | 10th | Both |
| | | Operator | 18 to 40 | M | Diploma - Mech. Engg. | Both |
| | | Supervisor | 18 to 40 | M | B.Tech. | Both |
| 3 | TDS Placements and Services | Associate | 18 to 25 | Both | 10th to Graduate | Freshers |
| | | Trinee - Apprenticeship | 18 to 30 | Both | ITI - Fitter, Turner, MMV, Tractor and Diesel Mechanic, COPA - For Females | Freshers |
| 4 | Vardhman Spinning and General Mills | Machine Operator | 18 to 35 | Both | 5th to 10+2 | NA |
| 5 | SBI Life | DM | 25 - 35 | Male | Graduation | Fresher |
| | | AM - Field | 25 - 35 | Male | Graduation | Fresher |
| | | SAM - Field | 25 - 35 | Male | Graduation | Mini. 1 year |
| 6 | Virdi Agro Technology | Sales Executive | 18 - 45 | Male | BBA, Diploma or B.Tech. | Mini. 1 year - Same field |
| | | Social media Controller | 18 - 30 | Both | Certification of DSD - Coral Draw etc. | Mini. 1 year - Same field |
| 7 | Max Auto | Sales Executive | 19 - 35 | Male | Any Graduation | 0-2 |
| | | Service Advisor | 19 - 35 | Male | Dip. / Deg. Mech. Engg. | 0-2 |
| | | Insurance Executive | 19 - 35 | Male | Any Graduation | 0-2 |
| 8 | KRBL | Turbine Operator | Upto 35 | Male | ITI | Mini. 1 year |
| | | Lab Analyst | Upto 35 | Male | B.Sc. Non Medical | Mini. 1 year |
| | | Fitter | Upto 35 | Male | ITI | Mini. 1 year |
| 9 | NIIT IFBI | Assistant Manager - Axis Bank | 21 to 30 | Both | Graduate | 0 - 2 years |
| | | Assistant Manager - HDFC Bank | 21 to 28 | Both | Graduate | 0 - 3 years |
| 10 | Madhav KRG | ITI Trainees Mechanical, Electrical, | 18 to 26 | Male | ITI - Mechanical, Electrical, Welder, Fitter | 0 - 3 years |

# ਟ੍ਰੈਫਿਕ ਪੁਲਸ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਜੋਵਾਲ ਦੇ ਬੱਚਿਆਂ ਨੂੰ ਨਿਯਮਾਂ ਤੋਂ ਜਾਣੂ ਕਰਵਾਇਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 14 ਮਈ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਟ੍ਰੈਫਿਕ ਪੁਲਿਸ ਸਿੱਖਿਆ ਸੈੱਲ ਵੱਲੋਂ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਜੋਵਾਲ ਵਿੱਚ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ, ਸਾਈਬਰ ਅਪਰਾਧ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਟ੍ਰੈਫਿਕ ਸੈੱਲ ਦੇ ਏਐਸਆਈ ਬਲਵਿੰਦਰ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਨਾਲ ਬਹੁਤ ਸਾਰੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਦੋਪਹੀਆ ਵਾਹਨ ਚਲਾਉਂਦੇ ਸਮੇਂ ਹੈਲਮੇਟ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਚਾਰ ਪਹੀਆ ਵਾਹਨ ਚਲਾਉਂਦੇ ਸਮੇਂ ਸੀਟ ਬੈਲਟ ਦੀ ਵਰਤੋਂ ਕਰਨੀ ਚਾਹੀਦੀ ਹੈ। ਕਿਸੇ ਬੱਚੇ ਦੇ ਮਾਪਿਆਂ ਨੂੰ ਜੋ ਬਿਨਾਂ ਲਾਇਸੈਂਸ ਦੇ ਵਾਹਨ ਚਲਾਉਂਦਾ ਹੈ ਅਤੇ ਦੁਰਘਟਨਾ ਦਾ ਕਾਰਨ ਬਣਦਾ ਹੈ, ਉਨ੍ਹਾਂ ਨੂੰ ਵੀ ਜੁਰਮਾਨਾ ਜਾਂ ਸਜ਼ਾ ਦਿੱਤੀ ਜਾ ਸਕਦੀ ਹੈ। ਸਾਨੂੰ ਟ੍ਰੈਫਿਕ ਲਾਈਟਾਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਜੇਕਰ ਤੁਹਾਡੇ ਵਾਹਨ ਦੇ ਕਾਗਜ਼ਾਤ ਪੂਰੇ ਹਨ ਅਤੇ ਤੁਹਾਡੇ ਕੋਲ ਡਰਾਈਵਿੰਗ ਲਾਇਸੈਂਸ ਹੈ ਤਾਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਇਸ ਤੋਂ ਇਲਾਵਾ ਸਾਨੂੰ ਟ੍ਰਿਪਲ ਰਾਈਡਿੰਗ ਨਹੀਂ ਕਰਨੀ ਚਾਹੀਦੀ। ਪ੍ਰੈਸ਼ਰ ਹਾਰਨ ਵਜਾਉਣਾ ਅਤੇ ਪਟਾਕੇ ਚਲਾਉਣਾ ਵੀ ਇੱਕ ਅਪਰਾਧ ਹੈ। ਉਸਨੇ ਦੱਸਿਆ ਕਿ ਅੱਜਕੱਲ੍ਹ ਕੁਝ ਧੋਖੇਬਾਜ਼ ਲੋਕ ਸਾਈਬਰ ਅਪਰਾਧ ਕਰ ਰਹੇ ਹਨ। ਜੇਕਰ ਕੋਈ ਅਣਜਾਣ ਵਿਅਕਤੀ ਤੁਹਾਨੂੰ ਕੋਈ ਲਿੰਕ ਭੇਜਦਾ ਹੈ ਤਾਂ ਤੁਹਾਨੂੰ ਉਸਨੂੰ ਨਹੀਂ ਖੋਲ੍ਹਣਾ ਚਾਹੀਦਾ। ਨਾ ਹੀ ਉਸਨੂੰ ਆਪਣੇ ਬੈਂਕ ਖਾਤੇ ਦੇ ਵੇਰਵੇ ਦੱਸਣੇ ਚਾਹੀਦੇ ਹਨ। ਇਸ ਤੋਂ ਇਲਾਵਾ ਬੱਚਿਆਂ ਨੂੰ ਕਿਸੇ ਵੀ ਅਣਜਾਣ ਵਿਅਕਤੀ ਨਾਲ ਗੱਲ ਕਰਨ ਤੋਂ ਬਚਣਾ ਚਾਹੀਦਾ ਹੈ। ਜੇਕਰ ਕੋਈ ਤੁਹਾਨੂੰ ਪੁਲਿਸ ਵਿਭਾਗ ਦਾ ਅਫਸਰ ਹੋਣ ਦਾ ਦਿਖਾਵਾ ਕਰਕੇ ਫ਼ੋਨ ਕਰਦਾ ਹੈ, ਤਾਂ ਤੁਹਾਨੂੰ ਪਹਿਲਾਂ ਉਸਦੀ ਅਸਲੀਅਤ ਦਾ ਪਤਾ ਲਗਾਉਣਾ ਚਾਹੀਦਾ ਹੈ ਅਤੇ ਬਿਨਾਂ ਸੋਚੇ ਸਮਝੇ ਉਸਦੀਆਂ ਗੱਲਾਂ ‘ਤੇ ਵਿਸ਼ਵਾਸ ਨਾ ਕਰੋ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਸ਼ੁਰੂ ਕੀਤੀ ਹੈ। ਜੇਕਰ ਤੁਹਾਡੇ ਪਿੰਡ ਵਿੱਚ ਕੋਈ ਵਿਅਕਤੀ ਨਸ਼ੇ ਵੇਚਦਾ ਹੈ ਜਾਂ ਨਸ਼ੇ ਦਾ ਸੇਵਨ ਕਰਦਾ ਹੈ ਤਾਂ ਉਸ ਬਾਰੇ ਜਾਣਕਾਰੀ ਤੁਹਾਡੇ ਪਿੰਡ ਦੇ ਪੰਚਾਇਤ ਮੈਂਬਰਾਂ ਨੂੰ ਅਤੇ ਸ਼ਹਿਰ ਵਿੱਚ ਨਗਰ ਨਿਗਮ ਦੇ ਮੈਂਬਰਾਂ ਜਾਂ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ। ਸਾਡਾ ਗੁਆਂਢੀ ਦੇਸ਼ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕ ਕੇ ਬਰਬਾਦ ਕਰਨਾ ਚਾਹੁੰਦਾ ਹੈ। ਸਾਨੂੰ ਕਿਸੇ ਵੀ ਹਾਲਤ ਵਿੱਚ ਅਜਿਹਾ ਨਹੀਂ ਹੋਣ ਦੇਣਾ ਚਾਹੀਦਾ। ਇਸ ਮੌਕੇ ਏਐਸਆਈ ਮਨੋਹਰ ਚੰਦ ਨੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਸੰਬੰਧੀ ਮਹੱਤਵਪੂਰਨ ਜਾਣਕਾਰੀ ਵੀ ਦਿੱਤੀ।

# ਮਹੰਤ ਅੰਮ੍ਰਿਤ ਮੁਨੀ ਦੀ ਮੌਤ ਸ਼ੰਕਾਵਾਂ ਦੇ ਘੇਰੇ 'ਚ, ਪਿੰਡ ਵਾਸੀਆਂ ਨੇ ਮਾਮਲੇ ਦੀ ਬਾਰੀਕੀ ਨਾਲ ਮੰਗੀ ਜਾਂਚ

“इकुऐलिटी ऐंड जसटिस”
पटिआला 14 मई
INTERNATIONAL PAPER, 94636 01616
hardipchumber57@gmail.com

ਮਾਨਸਾ, 14 ਮਈ (ਆਤਮਾ ਸਿੰਘ ਪਮਾਰ)-ਡੇਰਾ ਬਾਬਾ ਭਾਈ ਗੁਰਦਾਸ ਦੇ ਮੁੱਖ ਗੱਦੀ ਨਸ਼ੀਨ ਮਹੰਤ ਅੰਮ੍ਰਿਤ ਮੁਨੀ ਜੀ ਦੀ ਮੌਤ ਨੂੰ ਲੈ ਕੇ ਸ਼ੰਕਾਵਾ ਖੜ੍ਹੀਆਂ ਹੋ ਗਈਆਂ ਹਨ। ਉਨ੍ਹਾਂ ਦੀ ਅਚਾਨਕ ਹੋਈ ਮੌਤ ਨੂੰ ਕੁਦਰਤੀ ਵਰਤਾਰਾ ਨਾ ਮੰਨਦਿਆਂ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ, ਹਾਈਕੋਰਟ, ਪੰਜਾਬ ਪੁਲਸ, ਵਿਜੀਲੈਂਸ, ਸੀ.ਬੀ.ਆਈ ਆਦਿ ਤੋਂ ਇਸ ਮਾਮਲੇ ਦੀ ਪੂਰੀ ਜਾਂਚ ਮੰਗੀ ਹੈ।

ਮਾਨਸਾ ਖੁਰਦ ਵਾਸੀ ਰਾਜਵੀਰ ਸਿੰਘ, ਗੁਰਵਿੰਦਰ ਸਿੰਘ ਰਿੰਪੀ, ਮਨਪ੍ਰੀਤ ਸਿੰਘ, ਰਜਿੰਦਰ ਸਿੰਘ ਆਦਿ ਨੇ ਇਕ ਮੀਟਿੰਗ ਕਰਨ ਉਪਰੰਤ ਪੰਜਾਬ ਅਤੇ ਹਰਿਆਣਾ ਹਾਈਕੋਰਟ, ਮੁੱਖ ਮੰਤਰੀ ਪੰਜਾਬ, ਡੀ.ਜੀ.ਪੀ ਪੰਜਾਬ, ਐਸ.ਐਸ.ਪੀ ਮਾਨਸਾ ਅਤੇ ਚੌਕਸੀ ਵਿਭਾਗ ਆਦਿ ਨੂੰ ਪੱਤਰ ਲਿਖ ਕੇ ਇਸ ਮਾਮਲੇ ਵਿਚ ਸਿੱਟ ਬਣਾ ਕੇ ਜਾਂਚ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਪੱਤਰ ਰਾਹੀਂ ਮੰਗ ਕੀਤੀ ਹੈ ਕਿ ਮਹੰਤ ਅੰਮ੍ਰਿਤ ਮੁਨੀ ਪੰਜਾਬ ਉਦਾਸੀਨ ਭੇਖ ਮੰਡਲ ਦੇ ਸੂਬਾ ਪ੍ਰਧਾਨ ਸਨ। 6 ਮਈ ਨੂੰ ਉਨ੍ਹਾਂ ਦੀ ਅਚਾਨਕ ਹੋਈ ਮੌਤ ਦੇ ਪਿੱਛੇ ਵੱਡੇ ਕਾਰਨ ਜਾਪਦੇ ਹਨ। ਉਨ੍ਹਾਂ ਲਿਖਿਆ ਹੈ ਕਿ ਮਹੰਤ ਅੰਮ੍ਰਿਤ ਮੁਨੀ ਦਾ ਪੋਸਟ ਮਾਰਟਮ ਕਰਨ ਉਪਰੰਤ ਡੇਰੇ ਨੂੰ ਕੰਟਰੋਲ ਰੱਖ ਰਹੇ ਸੀ.ਸੀ.ਟੀ.ਵੀ ਕੈਮਰੇ ਅਤੇ ਡੀ.ਵੀ.ਆਰ ਵੀ ਬਦਲ ਦਿੱਤੇ ਗਏ ਹਨ। ਜਿਸ ਤੋਂ ਸ਼ੰਕਾਵਾ ਹੋਰ ਵੀ ਵਧ ਗਈਆ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੈਮਰਿਆਂ ਵਿਚ ਡੇਰੇ ਦੀਆਂ ਅਨੇਕਾਂ ਗਤੀਵਿਧੀਆਂ ਅੰਕਿਤ ਹਨ। ਇਸ ਕਰਕੇ ਸਮਾਨ ਖੁਰਦ ਬੁਰਦ ਕਰਨ ਵਾਲਿਆਂ ਤੇ ਪਰਚਾ ਦਰਜ ਹੋਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਸ਼ੰਕਾ ਪ੍ਰਗਟਾਈ ਕਿ ਡੇਰਾ ਮੁਖੀ ਵਲੋਂ ਫਰਵਰੀ ਮਹੀਨੇ ਵਿਚ ਥਾਣਾ ਸਿਟੀ 1 ਵਿਖੇ ਡੇਰੇ ਵਿਚੋਂ ਕੁੱਝ ਸਮਾਨ ਚੋਰੀ ਹੋਣ ਸਬੰਧੀ ਲਿਖਤੀ ਸ਼ਿਕਾਇਤ ਵੀ ਦਿੱਤੀ ਸੀ। ਜਿਸ ਵਿਚ ਸਮਝੌਤਾ ਹੋ ਗਿਆ ਸੀ। ਇਸ ਨੂੰ ਲੈ ਕੇ ਵੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਸਾਲਾਸਰ ਵਿਖੇ ਬਿਮਾਰ ਹੋਏ, ਇਸ ਨੂੰ ਲੈ ਕੇ ਹਾਜ਼ਰ ਵਿਅਕਤੀਆਂ ਦੇ ਬਿਆਨ ਕਲਮਬੰਦ ਹੋਣੇ ਚਾਹੀਦੇ ਹਨ ਅਤੇ ਸੀ.ਸੀ.ਟੀ.ਵੀ ਕੈਮਰਿਆਂ ਦੀ ਸਾਰੀ ਰਿਕਾਰਡਿੰਗ ਪੁਲਸ ਨੂੰ ਕਬਜੇ ਵਿਚ ਲੈਣੀ ਚਾਹੀਦੀ ਹੈ। ਕਿਉਂਕਿ ਡੇਰਾ ਮੁਖੀ ਸਾਲਾਸਰ ਤੋਂ ਵਾਪਸ ਆ ਕੇ ਜਿਹੜੇ ਡਾਕਟਰਾਂ ਤੋਂ ਇਲਾਜ ਕਰਵਾਉਂਦੇ ਰਹੇ, ਉਨ੍ਹਾਂ ਨੂੰ ਜੋ ਦਵਾਈਆਂ ਦਿੱਤੀਆਂ ਗਈਆਂ, ਬਿਮਾਰੀ ਦੇ ਲੱਛਣਾਂ, ਮੈਡੀਕਲ ਹਿਸਟਰੀ ਦਾ ਸਾਰਾ ਰਿਕਾਰਡ ਵੀ ਘੋਖਣਾ ਚਾਹੀਦਾ ਹੈ। ਉਨ੍ਹਾਂ ਆਪਣੇ ਪੱਤਰ ਵਿਚ ਇਹ ਵੀ ਲਿਖਿਆ ਹੈ ਕਿ ਡੇਰਾ ਮੁਖੀ ਦੇ 40 ਕਰੋੜ ਤੋਂ ਵੱਧ ਰੁਪਏ ਸ਼ਹਿਰ ਅਤੇ ਹੋਰ ਸ਼ਹਿਰਾਂ ਦੇ ਲੋਕਾਂ ਵਿਚ ਵਿਆਜ ਜਾਂ ਜਾਇਦਾਦਾਂ ਦੇ ਖਰੀਦ ਵੇਚ ਵਿਚ ਚੱਲ ਰਹੇ ਸਨ। ਜਿਸ ਦਾ ਸਾਰਾ ਹਿਸਾਬ ਕਿਤਾਬ ਡੇਰੇ ਦੇ ਲੇਖਾਕਾਰ ਕੋਲ ਹੈ।ਇਸ ਲਈ ਉਸ ਦੇ ਬਿਆਨ ਵੀ ਕਲਮਬੰਦ ਕਰਵਾ ਕੇ ਮੈਜਿਸਟਰੇਟੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਉਸ ਤੇ ਕੋਈ ਵਿਵਾਦ ਨਾ ਹੋਵੇ। ਉਨ੍ਹਾਂ ਕਿਹਾ ਕਿ ਡੇਰਾ ਬਾਬਾ ਭਾਈ ਗੁਰਦਾਸ ਦਾ ਜੋ ਟਰੱਸਟ ਬਣਿਆ ਹੋਇਆ ਹੈ ਉਸ ਦੇ ਮੁੱਢਲੇ ਮੈਂਬਰ ਕੌਣ ਸਨ, ਹੁਣ ਕੌਣ ਹਨ ਅਤੇ ਜਿਹੜੇ ਮੈਂਬਰ ਬਦਲੇ ਗਏ ਹਨ ਉਨ੍ਹਾਂ ਵਿਚ ਕਿਹੜੇ ਦਸਤਾਵੇਜ ਵਰਤੇ ਗਏ ਹਨ ਉਸ ਦਾ ਸਾਰਾ ਰਿਕਾਰਡ ਪੁਲਸ ਨੂੰ ਕਬਜੇ ਵਿਚ ਲੈ ਕੇ ਇਸ ਦੀ ਜਾਂਚ ਕਰਨੀ ਚਾਹੀਦੀ ਹੈ। ਉਨ੍ਹਾਂ



ਪੱਤਰ ਵਿਚ ਇਹ ਸ਼ੰਕਾ ਜਾਹਿਰ ਕੀਤੀ ਹੈ ਕਿ ਡੇਰਾ ਮੁਖੀ ਅੰਮ੍ਰਿਤ ਮੁਨੀ ਨੂੰ ਕੋਈ ਧੀਮਾ ਜਹਿਰ, ਕੋਈ ਨਸ਼ੀਲਾ ਪਦਾਰਥ ਜਾਂ ਰਸਾਇਣਿਕ ਪਦਾਰਥ ਵੀ ਦਿੱਤਾ ਗਿਆ ਹੋ ਸਕਦਾ ਹੈ, ਜਿਸ ਨਾਲ ਉਨ੍ਹਾਂ ਦੇ ਸਰੀਰ ਦਾ ਨੁਕਸਾਨ ਹੁੰਦਾ ਰਿਹਾ ਤੇ ਉਹ ਮੌਤ ਦੇ ਮੂੰਹ ਵਿਚ ਚਲੇ ਗਏ। ਇਸ ਮਾਮਲੇ ਦੀ ਪੂਰੀ ਜਾਂਚ ਕਰਵਾ ਕੇ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਿੰਡ ਵਾਸੀ ਚਾਹੁੰਦੇ ਹਨ ਕਿ ਡੇਰਾ ਮੁਖੀ ਦੀ ਮੌਤ ਦਾ ਪੂਰਾ ਸੱਚ ਅਤੇ ਅਸਲੀ ਕਾਰਨ ਸਾਹਮਣੇ ਆਉਣੇ ਚਾਹੀਦੇ ਹਨ ਕਿਉਂਕਿ ਡੇਰੇ ਨਾਲ ਪਿੰਡ ਵਾਸੀਆਂ ਦੀ ਵੱਡੀ ਸ਼ਰਧਾ ਜੁੜੀ ਹੋਈ ਹੈ ਅਤੇ ਇਸ ਡੇਰੇ ਦੇ ਮੁਖੀ ਦੀ ਭੇਦ ਭਰੀ ਹਾਲਤ ਵਿਚ ਮੌਤ ਹੋ ਜਾਣੀ ਸੰਘੋਂ ਹੇਠ ਨਹੀਂ ਉਤਰ ਰਹੀ। ਜਿਸ ਨੂੰ ਲੈ ਕੇ ਸ਼ਰਧਾਲੂ ਅਤੇ ਪਿੰਡ ਵਾਸੀ ਕਾਫੀ ਸਦਮੇ ਵਿਚ ਹਨ।

# ਐਨ.ਡੀ.ਆਰ.ਐਫ ਨੇ ਮੌਕ ਅਭਿਆਸ ਦੇ ਸਬੰਧ 'ਚ ਕਰਵਾਈ ਕੋਆਰਡੀਨੇਸ਼ਨ ਤੇ ਟੇਬਲ ਟਾਪ ਐਕਸਰਸਾਈਜ਼

## ਬੁੱਧਵਾਰ ਨੂੰ ਨਸਰਾਲਾ ਬੌਟਲਿੰਗ ਪਲਾਂਟ ਵਿਖੇ ਹੋਵੇਗਾ ਮੌਕ ਅਭਿਆਸ

“इकुऐलिटी ऐंड जसटिस”
पटिआला 14 मई
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐਨ.ਡੀ.ਆਰ.ਐਫ) ਵਲੋਂ ਭਲਕੇ ਮਿਤੀ 14 ਮਈ ਦਿਨ ਬੁੱਧਵਾਰ ਨੂੰ ਨਸਰਾਲਾ ਬੌਟਲਿੰਗ ਪਲਾਂਟ ਵਿਖੇ ਕਰਵਾਏ ਜਾਣ ਵਾਲੇ ਮੌਕ ਅਭਿਆਸ ਸਬੰਧੀ ਐਸ.ਡੀ.ਐਮ ਦਫ਼ਤਰ ਹੁਸ਼ਿਆਰਪੁਰ ਵਿਖੇ ਕੋਆਰਡੀਨੇਸ਼ਨ-ਕਮ-ਟੇਬਲ ਟਾਪ ਐਕਸਰਸਾਈਜ਼ ਕਰਵਾਈ ਗਈ ਜਿਸ ਵਿਚ ਐਨ.ਡੀ.ਆਰ.ਐਫ. ਦੇ ਅਧਿਕਾਰੀਆਂ ਤੋਂ ਇਲਾਵਾ ਸਾਰੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਸ਼ਾਮਲ ਸਨ। ਐਨ.ਡੀ.ਆਰ.ਐਫ. ਦੀ 07 ਬਟਾਲੀਅਨ ਬਠਿੰਡਾ ਦੇ



ਸਹਾਇਕ ਕਮਾਂਡੈਂਟ ਪੰਕਜ ਸ਼ਰਮਾ ਅਤੇ ਇੰਸਪੈਕਟਰ ਨੀਰਜ ਕੁਮਾਰ ਨੇ ਇਸ ਦੌਰਾਨ ਦੱਸਿਆ ਕਿ ਇਹ ਮੌਕ ਅਭਿਆਸ ਵਿਸ਼ੇਸ਼ ਰੂਪ ਵਿਚ ਉਦਯੋਗਿਕ ਸੁਰੱਖਿਆ ਦੇ ਨਜ਼ਰੀਏ ਤੋਂ ਜਾਗਰੂਕਤਾ ਅਤੇ ਤਾਲਮੇਲ ਨੂੰ ਉਤਸ਼ਾਹਿਤ ਕਰਨ 'ਤੇ ਅਧਾਰਿਤ ਹੈ। ਉਨ੍ਹਾਂ ਦੱਸਿਆ ਕਿ ਇਸ ਉਪਰਾਲੇ ਦਾ ਮੁੱਖ ਉਦੇਸ਼ ਵੱਖ-ਵੱਖ ਸਰਕਾਰੀ ਅਤੇ ਉਦਯੋਗਿਕ ਵਿਭਾਗਾਂ ਦਰਮਿਆਨ ਤਾਲਮੇਲ ਨੂੰ ਮਜ਼ਬੂਤ ਕਰਨਾ, ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਤਿਆਰੀਆਂ ਨੂੰ ਵਧਾਉਣਾ ਅਤੇ ਜਨਤਾ ਨੂੰ ਸੰਭਾਵੀਂ ਖ਼ਤਰਿਆ ਤੋਂ ਜਾਣੂ ਕਰਵਾਉਣਾ ਹੈ। ਉਨ੍ਹਾਂ ਨੇ ਸਾਰੇ ਸਬੰਧਤ ਵਿਭਾਗਾਂ ਨੂੰ ਉਨ੍ਹਾਂ ਵਲੋਂ ਕੀਤੇ ਜਾਣ ਵਾਲੇ ਕਾਰਜਾਂ ਤੋਂ ਜਾਣੂ ਕਰਵਾਉਂਦਿਆਂ ਮੌਕ ਅਭਿਆਸ ਵਿਚ ਮੋਹਰੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਅਤੇ ਭਵਿੱਖ ਵਿਚ ਵੀ ਨਿਯਮਤ ਰੂਪ ਵਿਚ ਇਸ ਤਰ੍ਹਾਂ ਦੇ ਅਭਿਆਸ ਕਰਵਾਉਣ ਦਾ ਸੰਕਲਪ ਲਿਆ। ਉਨ੍ਹਾਂ ਦੱਸਿਆ ਕਿ 14 ਮਈ ਨੂੰ ਨਸਰਾਲਾ ਬੌਟਲਿੰਗ ਪਲਾਂਟ ਵਿਖੇ ਸਵੇਰੇ ਸ਼ਾਮ 3 ਵਜੇ ਦੇ ਕਰੀਬ ਫੀਲਡ ਐਕਸਰਸਾਈਜ਼ (ਮੌਕ ਅਭਿਆਸ) ਕਰਵਾਈ ਜਾਵੇਗੀ। ਇਸ ਮੌਕੇ ਨਾਇਬ ਤਹਿਸੀਲਦਾਰ ਇੰਦਰਬੀਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਲਲਿਤਾ ਅਰੋੜਾ, ਏ.ਡੀ.ਐਫ.ਓ ਸ਼ਾਹਬਾਜ਼ ਸਿੰਘ ਬੱਲ, ਖੇਤੀਬਾੜੀ ਅਫ਼ਸਰ ਹੁਸ਼ਿਆਰਪੁਰ ਹਰਮਨਦੀਪ ਸਿੰਘ, ਚੀਫ ਵਾਰਡਨ ਸਿਵਲ ਡਿਫੈਂਸ ਲੋਕੇਸ਼ ਪੁਰੀ, ਸੁਨੀਲ ਕਪੂਰ, ਚੰਦਰ ਪ੍ਰਕਾਸ਼, ਸਿਹਤ ਵਿਭਾਗ ਤੋਂ ਡਾ. ਜਗਦੀਪ ਸਿੰਘ, ਸੁਦੇਸ਼ ਕੁਮਾਰ, ਡਾ. ਅਵਤਾਰ ਸਿੰਘ, ਪਸ਼ੂ ਵਿਭਾਗ ਤੋਂ ਡਾ. ਅਵਤਾਰ ਸਿੰਘ, ਫੂਡ ਸਪਲਾਈ ਅਫ਼ਸਰ ਸੰਜੀਵ ਕੁਮਾਰ, ਐਸ.ਡੀ.ਓ ਜਲ ਸਪਲਾਈ ਰਵਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# 'ਯੁੱਧ ਨਸ਼ਿਆ ਵਿਰੁੱਧ' ਅਤੇ ਅਪਰੇਸ਼ਨ "ਸੰਪਰਕ" ਤਹਿਤ ਕਸਬਾ ਭੀਖੀ ਵਿਖੇ ਕੀਤੀ ਗਈ ਲੋਕ ਮਿਲਣੀ

## ਨਸ਼ੇ ਨੂੰ ਪੰਜਾਬ ਵਿੱਚ ਖਤਮ ਕਰਨ ਲਈ ਆਮ ਲੋਕ ਕਰਨ ਪੁਲਿਸ ਦਾ ਸਹਿਯੋਗ : ਡੀ ਆਈ ਜੀ ਬਠਿੰਡਾ ਰੇਂਜ

“इकुऐलिटी ऐंड जसटिस”
पटिआला 14 मई
INTERNATIONAL PAPER, 94636 01616
hardipchumber57@gmail.com

ਭੀਖੀ,14 ਮਈ ( ਕਮਲ ਜਿੰਦਲ )

ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਵਿੱਢੀ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਤਹਿਤ ਸਖਤ ਨੀਤੀ ਅਪਣਾਈ ਗਈ ਹੈ। ਜਿਸਦੀ ਲੜੀ ਵਿੱਚ ਮਾਨਯੋਗ ਡਾਇਰੈਕਟਰ ਜਨਰਲ

ਪੁਲਿਸ ਪੰਜਾਬ ਗੌਰਵ ਯਾਦਵ ਆਈ.ਪੀ.ਐਸ ਜੀ ਦੇ ਅਦੇਸਾਂ ਅਨੁਸਾਰ ਮਾਨਸਾ ਪੁਲਿਸ ਵੱਲੋ ਅਪਰੇਸ਼ਨ"ਸੰਪਰਕ" ਤਹਿਤ ਪੁਲਿਸ ਪ੍ਰਸ਼ਾਸ਼ਨ ਅਤੇ ਆਮ ਪਬਲਿਕ ਦੇ ਸਬੰਧਾ ਵਿੱਚ ਸੁਧਾਰ ਲਿਆਉਣ ਅਤੇ ਵਿਸ਼ਵਾਸ/ਸਹਿਯੋਗ ਵਧਾਉਣ ਲਈ ਲੋਕਾਂ ਤੱਕ ਸਿੱਧੀ ਪਹੁੰਚ ਕਰਕੇ ਮੀਟਿੰਗਾਂ/ਮਿਲਣੀਆਂ ਕਰਨ ਲਈ ਮੁਹਿੰਮ ਚਲਾਈ

ਹੋਈ ਹੈ। ਜਿਸਦੇ ਮੱਦੇਨਜ਼ਰ ਅੱਜ ਸ੍ਰੀ ਹਰਜੀਤ ਸਿੰਘ ਆਈ.ਪੀ.ਐਸ ਡਿਪਟੀ ਇੰਸਪੈਕਟਰ ਜਨਰਲ ਪੁਲਿਸ,




ਬਠਿੰਡਾ ਰੇਂਜ ਜੀ ਦੇ ਵੱਲੋ ਕਸਬਾ ਭੀਖੀ ਵਿੱਚ ਪਬਲਿਕ ਮੀਟਿੰਗ/ਮਿਲਣੀ ਕੀਤੀ ਗਈ। ਇਸ

ਮੀਟਿੰਗ/ਮਿਲਣੀ ਦੌਰਾਨ ਐਸ.ਐਸ.ਪੀ. ਮਾਨਸਾ ਖੁਦ ਕਾਲਾ ਰਾਮ ਕਾਂਸ਼ਲ (ਐਸ.ਡੀ.ਐਮ) ਮਾਨਸਾ ਬੂਟਾ ਸਿੰਘ ਉਪ ਕਪਤਾਨ ਪੁਲਿਸ (ਸ.ਡ.) ਮਾਨਸਾ ਅਤੇ ਮੁੱਖ ਅਫਸਰ ਭੀਖੀ ਵੱਲੋਂ ਸਾਝੇ ਤੌਰ ਪਰ ਕਰੀਬ 200 ਵਿਅਕਤੀਆ ਦੇ ਇੱਕਠ ਨੂੰ ਸੰਬੋਧਨ ਕੀਤਾ ਗਿਆ।

ਸੀਨੀਅਰ ਕਪਤਾਨ ਪੁਲਿਸ, ਮਾਨਸਾ ਜੀ ਵੱਲੋਂ ਦੱਸਿਆ ਗਿਆ ਕਿ ਇਸ ਪਬਲਿਕ ਮੀਟਿੰਗ/ਮਿਲਣੀ ਵਿੱਚ ਕਸਬਾ ਭੀਖੀ ਅਤੇ ਇਸਦੇ ਨੇੜਲੇ ਪਿੰਡਾਂ ਦੀਆਂ ਪੰਚਾਇਤਾਂ, ਵਿਲੇਜ ਡਿਫੈਂਸ/ਵਾਰਡ ਕਮੇਟੀ ਮੈਂਬਰਾਂ, ਹੋਰ ਮੋਹਤਵਰ ਪੁਰਸ਼ਾ ਅਤੇ ਕਸਬਾ ਭੀਖੀ ਵਾਸੀਆਂ ਨੇ ਭਾਗ ਲਿਆ। ਇਸ ਸਮਾਗਮ ਦੌਰਾਨ ਆਮ ਪਬਲਿਕ ਨੂੰ ਆਪਣੀ

ਦੁਖ-ਤਕਲੀਫਾਂ ਅਤੇ ਸੁਝਾਅ ਪ੍ਰਸ਼ਾਸ਼ਨ ਨਾਲ ਸਾਂਝਾ ਕਰਨ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਪੁਲਿਸ ਪ੍ਰਸ਼ਾਸ਼ਨ ਅਤੇ ਆਮ ਪਬਲਿਕ ਦੇ ਸਬੰਧ ਗੂੜੇ ਹੋ ਸਕਣ ਅਤੇ ਸਹਿਯੋਗ ਦੀ ਭਾਵਨਾ ਵਿੱਚ ਵਾਧਾ ਹੋ ਸਕੇ। ਇਸਤੋਂ ਇਲਾਵਾ ਮੀਟਿੰਗ ਵਿੱਚ ਪੁੱਜੇ ਨੋਜਵਾਨਾਂ/ਬੱਚਿਆ ਨੂੰ ਨਸ਼ਿਆ ਤੇ ਦੂਰ ਰਹਿਣ ਦੀ ਅਪੀਲ ਕੀਤੀ ਗਈ ਤੇ ਨਸ਼ਿਆਂ ਦੇ ਮਾੜੇ ਪ੍ਰਭਾਵਾ ਤੇ ਜਾਣੂ

ਕਰਾਇਆ ਗਿਆ ਅਤੇ ਪੁਲਿਸ ਪ੍ਰਸਾਸਨ ਦਾ ਸਾਥ ਦੇਣ ਦੀ ਅਪੀਲ ਕੀਤੀ ਗਈ।ਮਾਨਸਾ ਪੁਲਿਸ ਵੱਲੋ 'ਯੁੱਧ ਨਸ਼ਿਆ ਵਿਰੁੱਧ' ਤਹਿਤ ਹੁਣ ਤੱਕ 260 ਮੁਕਦੱਮੇ ਦਰਜ ਕਰਕੇ 385 ਵਿਅਕਤੀਆ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਐਸ.ਐਸ.ਪੀ. ਮਾਨਸਾ ਜੀ ਵੱਲੋਂ ਅਖੀਰ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਜਿਲ੍ਹਾ ਪ੍ਰਸ਼ਾਸਨ ਵੱਲੋਂ ਪਬਲਿਕ ਨੂੰ ਵਿਸ਼ਵਾਸ ਦਿਵਾਉਂਦੇ ਹੋਏ ਦੱਸਿਆਂ ਕਿ ਨਸ਼ਿਆਂ ਦੀ ਰੋਕਥਾਮ ਲਈ ਪੰਜਾਬ ਪੁਲਿਸ ਹਰ ਸਮੇਂ ਵਚਨਬੱਧ ਹੈ ਅਤੇ ਜਿਲ੍ਹਾ ਅੰਦਰ ਕਿਸੇ ਵੀ ਸ਼ਰਾਰਤੀ ਅਤੇ ਮਾੜੇ ਅਨਸਰਾਂ ਨੂੰ ਸਿਰ ਚੁੱਕਣ ਨਹੀ ਦਿੱਤਾ ਜਾਵੇਗਾ,

ਅਮਨ ਕਾਨੂੰਨ ਵਿਵਸਥਾ ਨੂੰ ਹਰ ਹਾਲ ਕਾਇਮ ਰੱਖਿਆ ਜਾਵੇਗਾ।ਮਾਨਸਾ ਪੁਲਿਸ ਵੱਲੋਂ ਵਿੱਢੀ ਮੁਹਿੰਮ ਨੂੰ ਅੱਗੇ ਲਈ ਵੀ ਇਸੇ ਤਰਾਂ ਹੀ ਜਾਰੀ ਰੱਖਿਆ ਜਾ ਰਿਹਾ ਹੈ। ਇਸ ਮੌਕੇ ਜਿਲਾ ਯੋਜਨਾ ਬੋਰਡ ਦੇ ਚੇਅਰਮੈਨ ਚਰਨਜੀਤ ਅੱਕਾਂਵਾਲੀ, ਮਾਰਕੀਟ ਕਮੇਟੀ ਭਿੱਖੀ ਦੇ ਚੇਅਰਮੈਨ ਮਾਸਟਰ ਵਰਿੰਦਰ ਸੋਨੀ, ਚੇਅਰਮੈਨ ਗੁਰਪ੍ਰੀਤ ਸਿੰਘ ਭੁੱਚਰ, ਕੋਂਸਲਰ ਪ੍ਰੇਮ ਕੁਮਾਰ , ਕੌਂਸਲਰ ਰਾਮ ਸਿੰਘ, ਕੁਲਵੰਤ ਸਿੰਘ, ਬਹਾਦਰ ਸਿੰਘ, ਗੁਰਜੰਟ ਸਿੰਘ,ਰਾਜ ਕੁਮਾਰ ਆਦੀ ਹਾਜ਼ਰ ਸਨ।

# ਨਾਭਾ ਹਲਕੇ ਦੇ ਲੋਕਾਂ ਨੂੰ ਤੋਹਫ਼ਾ, ਪੰਜਾਬ ਸਰਕਾਰ ਨੇ 31.9 ਕਰੋੜ ਰੁਪਏ ਦੀ ਲਾਗਤ ਨਾਲ 111 ਕਿਲੋਮੀਟਰ ਸੜਕਾਂ ਨੂੰ ਦਿੱਤੀ ਪ੍ਰਵਾਨਗੀ-ਗੁਰਦੇਵ ਸਿੰਘ ਦੇਵ ਮਾਨ

“इकुऐलिटी ऐंड जसटिस”
पटिआला 14 मई
INTERNATIONAL PAPER, 94636 01616
hardipchumber57@gmail.com

ਨਾਭਾ 14 ਮਈ ਬਾਂਗਾਂ/ਬੇਅੰਤ ਸਿੰਘ ਰੋਹਟੀ ਖਾਸ) -ਪਿਛਲੇ ਕਈ ਸਾਲਾਂ ਤੋਂ ਲਮਕਦੀਆਂ ਨਾਭਾ, ਭਾਦਸੋਂ ਦੀਆਂ 42 ਸੜਕਾਂ ਮੁੜ ਬਣਨ ਨਾਲ ਲੋਕਾਂ ਨੂੰ ਮਿਲੇਗੀ ਵੱਡੀ ਰਾਹਤ-ਦੇਵ ਮਾਨ ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਹਲਕਾ ਨਾਭਾ ਦੇ ਨਿਵਾਸੀਆਂ ਨਾਲ ਖੁਸ਼ੀ ਸਾਂਝੀ ਕੀਤੀ ਹੈ ਕਿ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਲਕਾ ਨਿਵਾਸੀਆਂ ਨੂੰ 31.9 ਕਰੋੜ ਰੁਪਏ ਦੀ ਲਾਗਤ ਨਾਲ 111 ਕਿਲੋਮੀਟਰ 42 ਪੇਂਡੂ ਲਿੰਕ ਸੜਕਾਂ ਦਾ ਵੱਡਾ ਤੋਹਫ਼ਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਹ ਸੜਕਾਂ ਪਿਛਲੇ ਕਰੀਬ ਕਈ ਸਾਲਾਂ ਤੋਂ ਨਾ ਬਨਣ ਕਰਕੇ ਲਮਕ ਰਹੀਆਂ ਸਨ, ਜਿਸ ਕਰਕੇ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰੰਤੂ ਪਿਛਲੀਆਂ ਸਰਕਾਰਾਂ ਨੇ ਕਦੇ ਇਸ ਵੱਲ ਧਿਆਨ ਨਹੀਂ ਦਿੱਤਾ। ਗੁਰਦੇਵ ਸਿੰਘ ਦੇਵ ਮਾਨ ਨੇ ਦੱਸਿਆ ਕਿ ਹਲਕੇ ਅੰਦਰ ਨਾਭਾ ਮਾਲੇਰਕੋਟਲਾ ਰੋਡ-ਟੋਡਰਵਾਲ ਨਾਭਾ ਦੀ ਹੱਦ, ਦੰਦਰਾਲਾ ਢੀਂਡਸਾ ਤੋਂ ਰਣਜੀਤਗੜ੍ਹ, ਬਿਰਧਨੋ-ਸ਼ਿਵਗੜ੍ਹ ਰੋਡ, ਭਾਦਸੋਂ ਤਰਖੇੜੀ ਰੋਡ ਤੋਂ ਰੰਨੋ ਕਲਾਂ, ਦਿੱਤੂਪੁਰ ਤੋਂ ਰੋੜੇਵਾਲ, ਭਾਦਸੋਂ ਤਰਖੇੜੀ ਰੋਡ ਤੋਂ ਟੌਹੜਾ ਰਾਮਪੁਰ ਸਾਹੀਵਾਲ, ਟੌਹੜਾ ਹਰੀਜਨ ਬਸਤੀ-ਸ਼ਮਸ਼ਾਨਘਾਟ ਸੂਏ ਤਕ, ਮੇਹਲ ਗੁਆਰਾ-ਚਹਿਲ ਕਾਲਸਨਾ ਰੋਡ, ਖਨੌੜਾ-ਭੜੀ ਪਨੈਚਾ, ਨਾਭਾ-ਗੋਬਿੰਦਗੜ੍ਹ ਰੋਡ ਤੋਂ ਮੱਲੇਵਾਲ, ਹੱਲੋਤਾਲੀ ਤੇ ਬਸਤੀ ਕੱਲਰ ਮਾਜਰੀ, ਨਾਨੋਕੀ-ਮੱਲੇਵਾਲ, ਅਕਾਲਗੜ੍ਹ-ਫਰੀਦਪੁਰ, ਹੱਲੋਤਾਲੀ-ਮਾਂਗੇਵਾਲ, ਨਾਭਾ-ਗੋਬਿੰਦਗੜ੍ਹ ਰੋਡ ਤੋਂ ਭਾਦਸੋਂ ਬੱਸ ਸਟੈਂਡ ਤੋਂ ਸੁਧੇਵਾਲ (ਸਰਹਿੰਦ ਚੋਏ ਦੇ ਨਾਲ) ਹਰਬੰਸ ਸਿੰਘ ਲੋਟੇ ਮਾਰਗ, ਖਨੌੜਾ ਤੋਂ ਪੂਨੀਵਾਲ ਪਾਣੀ ਵਾਲੀ ਟੈਂਕੀ ਤੱਕ ਨਵੀਂਆਂ ਤੇ ਮੁਰੰਮਤ ਹੋਣ ਵਾਲੀਆਂ ਸੜਕਾਂ ਸ਼ਾਮਲ ਹਨ। ਦੇਵ ਮਾਨ ਨੇ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਹੀ ਨਾਭਾ-ਬੀੜ ਦੁਸਾਂਝ ਰੋਡ ਤੋਂ ਬਾਬਰਪੁਰ, ਥੂਹੀ ਤੋਂ ਚੰਨੋ ਰੋਡ ਭੜੋ ਮੰਡੀ, ਅਗੇਤੀ ਤੇ ਅਗੇਤਾ ਗੁਰਦੁਆਰਾ ਸਾਹਿਬ, ਨਾਭਾ-ਛੀਂਟਾਂਵਾਲਾ ਰੋਡ ਤੋਂ ਮੇਸ਼ਮਪੁਰ ਤੇ ਨਾਭਾ ਲਿੰਕ ਨਾਲ ਅਲੀਪੁਰ ਦੀ ਬਾਜੀਗਰ ਬਸਤੀ, ਨਾਭਾ ਛੀਂਟਾਂਵਾਲਾ ਰੋਡ ਤੋਂ ਛੱਜੂਭੱਟ, ਨਰਮਾਣਾਂ ਤੋਂ ਸਇਆ ਭਗਤ ਮੰਦਰ ਤੱਕ, ਨਰਮਾਣਾ ਤੋਂ ਛੀਟਾਂਵਾਲਾ ਰੋਡ ਤੋਂ ਚੌਧਰੀ ਮਾਜਰਾ, ਨਾਭਾ ਮਲੇਰਕੋਟਲਾ ਤੋਂ ਢੀਂਗੀ, ਨਾਭਾ ਮਲੇਰਕੋਟਲਾ ਰੋਡ ਤੋਂ ਉਭਾ-ਗੁਰਦਿੱਤਪੁਰਾ, ਬਾਬਰਪੁਰ ਤੋਂ ਨੌਹਰਾ ਨਾਭਾ ਦੀ ਹੱਦ, ਨਾਭਾ ਬੀੜ ਦੁਸਾਂਜ ਰੋਡ ਤੋਂ ਮੱਲੇਵਾਲ, ਰਾਜਗੜ੍ਹ ਤੋਂ ਰੋਹਟੀ ਤੱਕ, ਪਹਾੜਪੁਰ ਤੋਂ ਢੀਂਗੀ ਨਾਭਾ ਹੱਦ, ਦੁਲੱਦੀ ਤੋਂ ਪੀਰ ਸਮਾਧਾਂ ਕਕਰਾਲਾ, ਹਰੀਗੜ੍ਹ ਦੀ ਫਿਰਨੀ, ਨਾਭਾ ਅਲੌਹਰਾਂ ਰੋਡ ਤੋਂ ਪਟਿਆਲਾ-ਨਾਭਾ ਰੋਡ, ਨਾਭਾ-ਮਾਲੇਰਕੋਟਲਾ ਰੋਡ ਤੋਂ ਪਹਾੜਪੁਰ ਤੱਕ, ਪਟਿਆਲਾ ਨਾਭਾ ਰੋਡ ਤੋਂ ਪਟਿਆਲਾ ਭਾਦਸੋਂ ਰੋਡ ਦੀ ਹੱਦ ਤੱਕ ਮੰਡੌਰ ਬਾਜੀਗਰ ਬਸਤੀ, ਹਿਆਣਾ ਕਲਾਂ, ਹਿਆਣਾ ਖੁਰਦ ਤੇ ਸਿੰਬੜੋ ਗੁਰਦੁਆਰਾ ਸਾਹਿਬ ਤੇ ਨਾਭਾ-ਛੀਟਾਂਵਾਲਾ ਰੋਡ ਤੋਂ ਕੋਟ ਕਲਾਂ ਤੱਕ ਸੜਕਾਂ ਬਣਾਈਆਂ ਜਾਣਗੀਆਂ। ਗੁਰਦੇਵ ਸਿੰਘ ਦੇਵ ਮਾਨ ਹਲਕਾ ਨਿਵਾਸੀਆਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ



ਕਰਦਿਆਂ ਕਿਹਾ ਕਿ ਹਲਕੇ ਦੀਆਂ ਲਿੰਕ ਸੜਕਾਂ ਦੀ ਮੁੜ ਉਸਾਰੀ ਲਈ ਫੰਡ ਜਾਰੀ ਕਰਨ ਨਾਲ ਇਹ ਸੜਕਾਂ ਬਹੁਤ ਜਲਦ ਬਣ ਜਾਣਗੀਆਂ ਤੇ ਨਾਭਾ ਤੇ ਭਾਦਸੋਂ ਇਲਾਕੇ ਦੇ ਵਸਨੀਕਾਂ ਨੂੰ ਵੱਡੀ ਰਾਹਤ ਮਿਲੇਗੀ। ਐਮ.ਐਲ.ਏ. ਦੇਵ ਮਾਨ ਨੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਹਰਭਜਨ ਸਿੰਘ ਈ.ਟੀ.ਓ, ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਵੀ ਪੰਜਾਬ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਇਨ੍ਹਾਂ ਸੜਕਾਂ ਦੀ ਮੁਰੰਮਤ ਵੀ ਅਗਲੇ ਪੰਜ ਸਾਲਾਂ ਲਈ ਉਸੇ ਠੇਕੇਦਾਰ ਵੱਲੋਂ ਕੀਤੀ ਜਾਵੇਗੀ, ਜਿਸ ਵੱਲੋਂ ਇਹ ਸੜਕਾਂ ਬਣਾਈਆਂ ਜਾਣਗੀਆਂ।

# ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਸ਼ਡਿਊਲ (ਸਮਾਂ ਸਾਰਣੀ) ਜਾਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 94636 01616 hardipchumber57@gmail.com

ਮੋਹਾਲੀ 14 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੇਟਗੁਰੂ) ਪੰਜਾਬ ਰਾਜ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2025-26 ਦੇ ਅੱਠਵੀਂ ਅਤੇ ਨੌਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਲਈ ਆਨ-ਲਾਈਨ ਪੋਰਟਲ 12 ਮਈ 2025 ਤੋਂ 28 ਜੁਲਾਈ 2025 ਤੱਕ ਬਿਨ੍ਹਾਂ ਲੇਟ ਫੀਸ, 29 ਜੁਲਾਈ 2025 ਤੋਂ 18 ਅਗਸਤ 2025 ਤੱਕ 500/-ਰੁ: ਪ੍ਰਤੀ ਵਿਦਿਆਰਥੀ ਲੇਟ ਫੀਸ ਨਾਲ ਅਤੇ 19 ਅਗਸਤ 2025 ਤੋਂ 09 ਸਤੰਬਰ 2025 ਤੱਕ 1500/-ਰੁ: ਪ੍ਰਤੀ ਵਿਦਿਆਰਥੀ ਲੇਟ ਫੀਸ ਨਾਲ ਸ਼ਡਿਊਲ ਨਿਰਧਾਰਿਤ ਕੀਤਾ ਗਿਆ ਹੈ। ਇਸਦੇ ਨਾਲ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਸਕੂਲ ਮੁਖੀ ਬਿਨ੍ਹਾਂ ਲੇਟ ਫੀਸ ਦਿੱਤੇ ਗਏ ਸਮੇਂ ਦੌਰਾਨ ਹੀ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦਾ ਕੰਮ ਮੁਕੰਮਲ ਕਰਵਾਉਣ, ਬਿਨ੍ਹਾਂ ਲੇਟ ਫੀਸ ਸਮਾਂ ਲੰਘਣ ਉਪਰੰਤ ਜੇਕਰ ਕਿਸੇ ਸਕੂਲ ਮੁਖੀ ਵੱਲੋਂ ਜੁਰਮਾਨਾ ਮੁਆਫੀ ਲਈ ਪ੍ਰਤੀ-ਬੇਨਤੀ ਕੀਤੀ ਜਾਂਦੀ ਹੈ ਤਾਂ ਉਹ ਕਿਸੇ ਵੀ ਹਾਲਾਤ/ਕਾਰਨ ਦੇ ਜੁਰਮਾਨਾ ਮੁਆਫੀ ਲਈ ਸਵੀਕਾਰਨ ਯੋਗ ਨਹੀ ਹੋਵੇਗੀ। ਉਕਤ ਦੇ ਮੱਦੇ ਨਜ਼ਰ ਸਕੂਲ ਮੁੱਖੀਆਂ ਨੂੰ ਅਗਾਉ ਤੌਰ ਤੇ ਸੂਚਿਤ ਕੀਤਾ ਜਾਂਦਾ ਹੈ ਕਿ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਕਰਨ ਲਈ ਬੋਰਡ ਵੱਲੋਂ ਨਿਰਧਾਰਿਤ/ ਜਾਰੀ ਕੀਤੇ ਗਏ ਸ਼ਡਿਊਲ (ਸਮਾਂ ਸਾਰਣੀ) ਵਿੱਚ-ਵਿੱਚ ਹੀ ਬਣਦੀ ਫੀਸ ਅਤੇ ਜੁਰਮਾਨਾ ਫੀਸ ਰਾਹੀਂ ਇਹ ਕੰਮ ਮੁਕੰਮਲ ਕਰਵਾਇਆ ਜਾਣਾ ਅਤਿ ਜ਼ਰੂਰੀ ਹੈ ਕਿਉਂਕਿ ਨਿਰਧਾਰਿਤ ਸ਼ਡਿਊਲ ਅਧੀਨ ਦਿੱਤੇ ਗਏ ਸਮੇਂ ਤੋਂ ਬਾਅਦ ਹੋਰ ਸਮੇਂ ਵਿੱਚ ਵਾਧਾ ਨਹੀ ਕੀਤਾ ਜਾਵੇਗਾ। ਜੇਕਰ ਫਿਰ ਵੀ ਕਿਸੇ ਵਿਦਿਆਰਥੀ ਦੀ ਐਂਟਰੀ ਕਿਸੇ ਵੀ ਕਾਰਨ ਫਾਈਨਲ ਸਬਮਿਟ ਕਰਨ ਤੋਂ ਰਹਿ ਜਾਂਦੀ ਹੈ ਤਾਂ ਉਸਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ/ ਕਰਮਚਾਰੀ ਦੀ ਹੀ ਹੋਵੇਗੀ। ਅਜਿਹੇ ਵਿਦਿਆਰਥੀਆਂ ਦੀ ਨਿਰਧਾਰਿਤ ਸ਼ਡਿਊਲ ਤੋਂ ਬਾਅਦ ਆਨ-ਲਾਈਨ ਐਂਟਰੀ/ਰਜਿਸਟ੍ਰੇਸ਼ਨ ਕਰਨ ਦਾ ਕੋਈ ਹੋਰ ਮੌਕਾ ਨਹੀ ਦਿੱਤਾ ਜਾਵੇਗਾ। ਇਸ ਸਬੰਧੀ ਸਬੰਧਤ ਅਮਲੇ ਨੂੰ ਵਿਸ਼ੇਸ਼ ਤੌਰ ਤੇ ਨੋਟ ਕਰਵਾਇਆ ਜਾਵੇ।

# ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਅਦਾਇਗੀ ਵਜੋਂ 1998.43 ਕਰੋੜ ਰੁਪਏ ਕਰਵਾਏ ਜਮ੍ਹਾਂ : ਡਿਪਟੀ ਕਮਿਸ਼ਨਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 94636 01616 hardipchumber57@gmail.com

ਬਠਿੰਡਾ, 14 ਮਈ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੇਟਗੁਰੂ)- ਡਿਪਟੀ ਕਮਿਸ਼ਨਰ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ 12 ਮਈ 2025 ਤੱਕ 901239 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ 'ਚੋ ਵੱਖ-ਵੱਖ ਖਰੀਦ ਏਜੰਸੀਆਂ ਨੇ 900383.60 ਮੀਟ੍ਰਿਕ ਕਣਕ ਦੀ ਖਰੀਦ ਕੀਤੀ ਹੈ। ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਖਰੀਦ ਏਜੰਸੀਆਂ ਵੱਲੋਂ ਖਰੀਦੀ ਗਈ ਕਣਕ ਦੀ ਅਦਾਇਗੀ ਸਮੇਂ ਸਿਰ ਕੀਤੀ ਗਈ ਅਤੇ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 1998.43 ਕਰੋੜ ਰੁਪਏ ਜਮ੍ਹਾਂ ਵੀ ਕਰਵਾਏ ਗਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਅਗਲੇ ਕੁਝ ਦਿਨਾਂ ਤੱਕ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਚੋਂ ਕਣਕ ਦੀ ਖਰੀਦ ਦਾ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਡਾ.ਰਵਿੰਦਰ ਕੌਰ ਨੇ 12 ਮਈ 2025 ਅਪ੍ਰੈਲ ਤੱਕ ਵੱਖ-ਵੱਖ ਏਜੰਸੀਆਂ ਦੁਆਰਾ ਕੀਤੀ ਖਰੀਦੀ ਗਈ ਕਣਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਨਗ੍ਰੇਨ ਵੱਲੋਂ 275241.60 ਮੀਟ੍ਰਿਕ ਟਨ, ਮਾਰਕਫੈਡ 193379,



ਪਨਸਪ 205455, ਵੇਅਰ ਹਾਊਸ 158642 ਤੇ ਪ੍ਰਾਈਵੇਟ ਵਪਾਰੀਆਂ ਵੱਲੋਂ 67666 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ।

# ਡਿਪਟੀ ਕਮਿਸ਼ਨਰ ਨੇ ਹੜ੍ਹ ਰੋਕੂ ਤਿਆਰੀਆਂ ਦਾ ਲਿਆ ਜਾਇਜ਼ਾ

## ਅਧਿਕਾਰੀਆਂ ਨੂੰ ਚੱਲ ਰਹੇ ਕੰਮਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਦੇ ਨਿਰਦੇਸ਼

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 94636 01616 hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਮੰਗਲਵਾਰ ਨੂੰ ਸਬੰਧਤ ਵਿਭਾਗਾਂ ਨੂੰ ਚੱਲ ਰਹੇ ਹੜ੍ਹ ਰੋਕੂ ਕਾਰਜਾਂ ਨੂੰ ਤੈਅ ਸਮੇਂ ਦੇ ਅੰਦਰ-ਅੰਦਰ ਪੂਰਾ ਕਰਨ ਦੇ ਨਾਲ-ਨਾਲ ਜ਼ਿਲ੍ਹਾ ਅਤੇ ਸਬ ਡਿਵੀਜ਼ਨ ਪੱਧਰ 'ਤੇ ਲੋਕਾਂ ਦੀ ਸਹੂਲਤ ਲਈ ਲੋੜੀਂਦੇ ਸਮੇਂ 'ਤੇ ਕੰਟਰੋਲ ਰੂਮ ਸਥਾਪਤ ਕਰਨ ਦੇ ਨਿਰਦੇਸ਼ ਦਿੱਤੇ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੀਨੀਅਰ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕਰਦਿਆਂ, ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਆਗਾਮੀ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਹੜ੍ਹ ਸੁਰੱਖਿਆ ਸੰਬੰਧੀ ਤਿਆਰੀਆਂ ਅਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਹਿਰਾਂ ਦੀ



ਸਫਾਈ ਅਤੇ ਗਾਰ ਕੱਢਣ ਦੇ ਕੰਮ ਨੂੰ ਪੂਰੀ ਤਵੱਜੋਂ ਦਿੰਦਿਆਂ ਲੋੜ ਅਨੁਸਾਰ ਧੁੱਸੀ ਬੰਨ੍ਹ ਨੂੰ ਸਮੇਂ ਸਿਰ ਮਜ਼ਬੂਤ ਕੀਤਾ ਜਾਵੇ। ਉਨ੍ਹਾਂ ਐਸ.ਡੀ.ਐਮਜ. ਨੂੰ ਹਦਾਇਤ ਕੀਤੀ ਕਿ ਉਹ ਸਮੇਂ ਸਿਰ ਕੰਟਰੋਲ ਰੂਮ ਸਥਾਪਤ ਕਰਨ ਨੂੰ ਯਕੀਨੀ ਬਣਾਉਣ ਤਾਂ ਜੋ ਕਿਸੇ ਵੀ ਹੜ੍ਹ ਵਰਗੀ ਸਥਿਤੀ ਨਾਲ ਸੁਚੱਜੇ ਢੰਗ ਨਾਲ ਨਜਿੱਠਿਆ ਜਾ ਸਕੇ। ਅੰਕੁਰਜੀਤ ਸਿੰਘ ਨੇ ਕਿਹਾ ਕਿ ਹੜ੍ਹ ਰੋਕੂ ਯੋਜਨਾ ਵੀ ਅਗਲੇ ਕੁਝ ਦਿਨਾਂ ਵਿੱਚ ਤਿਆਰ ਕਰ ਲਈ ਜਾਵੇ ਤਾਂ ਜੋ ਇਸਨੂੰ ਆਉਂਦੇ ਦਿਨਾਂ ਵਿਚ ਅਮਲੀ ਜਾਮਾ ਪਹਿਨਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਸਿਹਤ ਅਧਿਕਾਰੀ ਲੋੜ ਪੈਣ 'ਤੇ ਦਵਾਈਆਂ ਦੇ ਲੋੜੀਂਦੀ ਮਾਤਰਾ ਵਿਚ ਸਟਾਕ ਅਤੇ ਪਾਣੀ ਦੇ ਕਲੋਰੀਨੇਸ਼ਨ ਦਾ ਅਗਾਊਂ ਪ੍ਰਬੰਧ ਕਰਨਗੇ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਆਉਣ ਅਤੇ ਜ਼ਖਮੀਆਂ ਨੂੰ ਹਸਪਤਾਲਾਂ ਵਿੱਚ ਪਹੁੰਚਾਉਣ ਲਈ ਇੱਕ ਵਿਸਥਾਰਤ ਯੋਜਨਾ ਬਣਾਈ ਜਾਣੀ ਚਾਹੀਦੀ ਹੈ ਜਿੱਥੇ ਸਾਰੀਆਂ ਸਹੂਲਤਾਂ ਉਪਲਬਧ ਹੋਣ। ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸੜਕਾਂ ਅਤੇ ਪੁਲਾਂ ਸੰਬੰਧੀ ਡਿਪਟੀ ਕਮਿਸ਼ਨਰ ਨੇ ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਅਜਿਹੀਆਂ ਸੜਕਾਂ ਅਤੇ ਪੁਲਾਂ ਨੂੰ ਘੱਟੋ-ਘੱਟ ਸਮੇਂ ਵਿੱਚ ਕਾਰਜਸ਼ੀਲ ਕਰਨ ਨੂੰ ਤਰਜੀਹ ਦੇਣ ਤਾਂ ਜੋ ਲੋਕਾਂ ਨੂੰ ਆਵਾਜਾਈ ਲਈ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਪਾਵਰਕਾਮ ਦੇ ਅਧਿਕਾਰੀਆਂ ਨੂੰ ਉਕਤ ਇਲਾਕਿਆਂ ਵਿੱਚ ਬਿਜਲੀ ਦੇ ਖੰਭਿਆਂ ਅਤੇ ਤਾਰਾਂ ਦੀ ਮੁਰੰਮਤ ਦਾ ਕੰਮ ਕਰਨ ਲਈ ਕਿਹਾ ਜਦੋਂ ਕਿ ਰੋਡਵੇਜ਼ ਅਧਿਕਾਰੀਆਂ ਨੂੰ ਜ਼ਿਲ੍ਹੇ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ, ਜੇਕਰ ਅਜਿਹੀ ਸਥਿਤੀ ਬਣਦੀ ਹੈ ਤਾਂ, ਵਿੱਚ ਰਾਹਤ ਸਮੱਗਰੀ ਮੁਹੱਈਆ ਕਰਵਾਉਣ ਲਈ ਤਿਆਰ ਰਹਿਣ ਦੀ ਹਦਾਇਤ ਕੀਤੀ। ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ, ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ, ਐਸਡੀਐਮ ਅਨਮਜਯੋਤ ਕੌਰ, ਐਸਡੀਐਮ ਇੰਦਰਪਾਲ, ਐਸਡੀਐਮ ਵਿਪਨ ਭੰਡਾਰੀ ਤੋਂ ਇਲਾਵਾ ਸੀਨੀਅਰ ਅਧਿਕਾਰੀ ਮੀਟਿੰਗ ਵਿਚ ਮੌਜੂਦ ਸਨ।

# ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਤਿਵਾਰੀ ਨੇ ਅੱਤਵਾਦ ਵਿਰੁੱਧ ਲੜਾਈ ਵਿੱਚ ਮਜ਼ਬੂਤੀ ਨਾਲ ਭਾਰਤ ਦਾ ਪੱਖ ਰੱਖਣ ਲਈ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 94636 01616 hardipchumber57@gmail.com

ਬਠਿੰਡਾ, 14 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਤਿਵਾਰੀ ਨੇ ਅੱਤਵਾਦ ਵਿਰੁੱਧ ਲੜਾਈ ਵਿੱਚ ਮਜ਼ਬੂਤੀ ਨਾਲ ਭਾਰਤ ਦਾ ਪੱਖ ਰੱਖਣ ਲਈ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ। 12 ਮਈ, 2025 ਨੂੰ ਪ੍ਰਧਾਨ ਮੰਤਰੀ ਦੇ ਰਾਸ਼ਟਰ ਨੂੰ ਸੰਬੋਧਨ ਤੋਂ ਤੁਰੰਤ ਬਾਅਦ ਕੀਤੀ ਗਈ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ.ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਸੰਬੋਧਨ ਭਾਰਤ ਦੇ ਅੱਤਵਾਦ ਵਿਰੋਧੀ ਯਤਨਾਂ ਵਿੱਚ ਇੱਕ ਮੀਲ ਪੱਥਰ ਸਾਬਤ ਹੋਇਆ ਹੈ, ਜੋ ਦੇਸ਼ ਦੀ ਰਾਸ਼ਟਰੀ ਸੁਰੱਖਿਆ ਨੀਤੀ ਵਿੱਚ ਇੱਕ ਫੈਸਲਾਕੁੰਨ ਤਬਦੀਲੀ ਦਾ ਸੰਕੇਤ ਦਿੰਦਾ ਹੈ।ਪ੍ਰੋ.ਤਿਵਾਰੀ ਨੇ ਕਿਹਾ “ਅਸੀਂ ਇਸ ਚੁਣੌਤੀਪੂਰਨ ਸਮੇਂ ਦੌਰਾਨ ਪ੍ਰਧਾਨ ਮੰਤਰੀ ਮੋਦੀ ਦੀ ਦੂਰਦਰਸ਼ਤਾ ਅਤੇ ਅਟੱਲ ਅਗਵਾਈ ਲਈ ਉਨ੍ਹਾਂ ਦਾ ਦਿਲੋਂ ਧੰਨਵਾਦ ਕਰਦੇ ਹਾਂ।



ਉਨ੍ਹਾਂ ਨੇ ਹਿੰਮਤ ਅਤੇ ਦ੍ਰਿੜਤਾ ਨਾਲ ਦੁਨੀਆ ਨੂੰ ਦਿਖਾਇਆ ਹੈ ਕਿ ਭਾਰਤ ਆਪਣੀ ਪ੍ਰਭੂਸੱਤਾ ਅਤੇ ਸੁਰੱਖਿਆ ਲਈ ਕਿਸੇ ਵੀ ਖਤਰੇ ਅੱਗੇ ਕਦੇ ਨਹੀਂ ਝੁਕੇਗਾ। ਆਪ੍ਰੇਸ਼ਨ ਸਿੰਧੂਰ ਦੇ ਸਫਲ ਸੰਚਾਲਨ ਰਾਹੀਂ ਭਾਰਤ ਨੇ ਇੱਕ ਸਪੱਸ਼ਟ ਸੰਦੇਸ਼ ਦਿੱਤਾ ਹੈ - ਅਸੀਂ ਅੱਤਵਾਦ ਨੂੰ ਬਰਦਾਸ਼ਤ ਨਹੀਂ ਕਰਾਂਗੇ, ਅਸੀਂ ਝੁਕਾਂਗੇ ਨਹੀਂ, ਅਸੀਂ ਪੂਰੀ ਤਾਕਤ ਅਤੇ ਉਦੇਸ਼ ਨਾਲ ਜਵਾਬ ਦੇਵਾਂਗੇ।"ਪ੍ਰੋ. ਤਿਵਾਰੀ ਦੇ ਅਨੁਸਾਰ ਪ੍ਰਧਾਨ ਮੰਤਰੀ ਵੱਲੋਂ ਪਰਮਾਣੂ ਬਲੈਕਮੇਲ ਦੀਆਂ ਧਮਕੀਆਂ ਨੂੰ ਬਰਦਾਸ਼ਤ ਨਾ ਕਰਨ ਅਤੇ ਸਪਾਂਸਰਡ ਅੱਤਵਾਦ ਦੀ ਸਖ਼ਤ ਨਿੰਦਾ ਕਰਨਾ ਇੱਕ ਨਵੇਂ ਭਾਰਤ ਦੀ ਪਛਾਣ ਹੈ। ਇੱਕ ਅਜਿਹਾ ਭਾਰਤ ਜੋ ਪ੍ਰਭੂਸੱਤਾ ਸੰਪੰਨ, ਸਵੈ-ਨਿਰਭਰ ਅਤੇ ਰਾਸ਼ਟਰੀ ਸਨਮਾਨ ਦੇ ਮਾਮਲਿਆਂ ਵਿੱਚ ਦ੍ਰਿੜ ਹੋਵੇ। ਉਨ੍ਹਾਂ ਇਹ ਵੀ ਦੱਸਿਆ ਕਿ ਹੁਣ ਭਾਰਤ ਅਤੇ ਪਾਕਿਸਤਾਨ ਵਿਚਕਾਰ ਕੋਈ ਵੀ ਗੱਲਬਾਤ ਸਿਰਫ਼ ਅੱਤਵਾਦ ਅਤੇ ਪੀਓਕੇ 'ਤੇ ਕੇਂਦ੍ਰਿਤ ਹੋਵੇਗੀ।ਭਾਰਤ ਦੀ ਅਧਿਆਤਮਿਕ ਵਿਰਾਸਤ ਨਾਲ ਜੁੜਦੇ ਹੋਏ ਪ੍ਰੋ. ਤਿਵਾਰੀ ਨੇ ਸ਼੍ਰੀਮਦ ਭਗਵਦ ਗੀਤਾ ਦੇ ਸਦੀਵੀ ਛੰਦ 'ਯਦਾ ਯਦਾ ਹੀ ਧਰਮਸਯ ਗਲਾਨਿਰਭਵਤਿ ਭਾਰਤ। ਅਭਉਤਥਾਨਮਧਰਮਸਯ ਤਦਾਤਮਾਨਮ ਸੁਜਾਮਆਹਮ॥..' ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਕੁਧਰਮ ਵਧਦਾ ਹੈ ਅਤੇ ਧਾਰਮਿਕਤਾ ਕਮਜ਼ੋਰ ਹੋ ਜਾਂਦੀ ਹੈ, ਤਾਂ ਸੰਤੁਲਨ ਸਥਾਪਤ ਕਰਨ ਲਈ ਨਿਰਣਾਇਕ ਕਾਰਵਾਈ ਜ਼ਰੂਰੀ ਹੋ ਜਾਂਦੀ ਹੈ। ਆਪ੍ਰੇਸ਼ਨ ਸਿੰਧੂਰ ਇੱਕ ਅਜਿਹਾ ਹੀ ਨਿਰਣਾਇਕ ਕਦਮ ਹੈ - ਜੋ ਅੱਤਵਾਦ ਦੇ ਖਾਤਮੇ ਅਤੇ ਮਾਸੂਮਾਂ ਦੀ ਰੱਖਿਆ ਲਈ ਚੁੱਕਿਆ ਗਿਆ ਹੈ।ਪ੍ਰੋ.ਤਿਵਾਰੀ ਨੇ ਇਹ ਵੀ ਕਿਹਾ ਕਿ ਆਪ੍ਰੇਸ਼ਨ ਸਿੰਧੂਰ ਸਿਰਫ਼ ਇੱਕ ਨਾਮ ਨਹੀਂ ਹੈ ਬਲਕਿ ਲੱਖਾਂ ਭਾਰਤੀਆਂ ਦੀਆਂ ਭਾਵਨਾਵਾਂ ਦਾ ਪ੍ਰਤੀਬਿੰਬ ਹੈ। ਇਹ ਨਾਮ ਮਾਤ੍ਰਤਵ ਦਾ ਪ੍ਰਤੀਕ ਹੈ - ਜਿਸ ਤੋਂ ਬਿਨਾਂ ਕੋਈ ਵੀ ਸਭਿਅਤਾ ਜਿਉਂਦੀ ਨਹੀਂ ਰਹਿ ਸਕਦੀ। ਇਹ ਕਾਰਵਾਈ ਭਾਰਤੀ ਸੱਭਿਅਤਾ ਦੇ ਮੂਲ ਵਿਚਾਰ ਨੂੰ ਦਰਸਾਉਂਦੀ ਹੈ ਜਿਸ ਵਿੱਚ ਨਿਸ਼ਾਨਾ ਸਿਰਫ਼ ਅੱਤਵਾਦੀ ਟਿਕਾਣਿਆਂ ਤੱਕ ਸੀਮਤ ਸੀ।ਆਪਣੇ ਭਾਸ਼ਣ ਦੇ ਅੰਤ ਵਿੱਚ ਪ੍ਰੋ. ਤਿਵਾਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਭਾਸ਼ਣ ਸਿਰਫ਼ ਇੱਕ ਭਾਸ਼ਣ ਨਹੀਂ ਸੀ, ਸਗੋਂ ਰਾਸ਼ਟਰੀ ਏਕਤਾ ਦਾ ਸੱਦਾ ਸੀ, ਭਾਰਤ ਦੀ ਤਾਕਤ ਦੀ ਪੁਸ਼ਟੀ ਸੀ ਅਤੇ ਇਹ ਐਲਾਨ ਸੀ ਕਿ ਅੱਤਵਾਦ ਅਤੇ ਗੱਲਬਾਤ ਇਕੱਠੇ ਨਹੀਂ ਚੱਲ ਸਕਦੇ, ਜਿਵੇਂ ਖੂਨ ਅਤੇ ਪਾਣੀ ਇਕੱਠੇ ਨਹੀਂ ਵਹਿ ਸਕਦੇ।ਪ੍ਰੋ.ਤਿਵਾਰੀ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਕੇਂਦਰੀ ਯੂਨੀਵਰਸਿਟੀ ਸਾਡੇ ਬਹਾਦਰ ਸੈਨਿਕਾਂ ਦੀ ਹਿੰਮਤ ਅਤੇ ਸਾਡੇ ਦੇਸ਼ ਦੀ ਲੀਡਰਸ਼ਿਪ ਦੇ ਅਟੁੱਟ ਇਰਾਦੇ ਨੂੰ ਸਲਾਮ ਕਰਦੀ ਹੈ। ਅਸੀਂ ਆਪਣੇ ਸੈਨਿਕਾਂ ਦੇ ਨਾਲ ਹਾਂ। ਅਸੀਂ ਆਪਣੇ ਪ੍ਰਧਾਨ ਮੰਤਰੀ ਦੇ ਨਾਲ ਹਾਂ। ਅਸੀਂ ਨਿਡਰ, ਪ੍ਰਭੂਸੱਤਾ ਸੰਪੰਨ ਭਾਰਤ ਦੇ ਨਾਲ ਖੜ੍ਹੇ ਹਾਂ।

# ਰੋਟਰੀ ਕਲੱਬ ਮੋਰਿੰਡਾ ਵਲੋਂ ਦੰਦਾਂ ਦਾ ਚੈੱਕ ਅਪ ਕੈਂਪ ਲਗਾਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 94636 01616 hardipchumber57@gmail.com

ਮੋਰਿੰਡਾ 14 ਮਈ ( ਪਤਰ ਪ੍ਰੇਰਕ ) ਰੋਟਰੀ ਕਲੱਬ ਮੋਰਿੰਡਾ ਵਲੋਂ ਅਰੋੜਾ ਡੈਂਟਲ ਹਸਪਤਾਲ ਦੇ ਸਹਿਯੋਗ ਨਾਲ ਸਥਾਨਕ ਆਰੀਆ ਗਰਲਜ ਸੀਨੀਅਰ ਸੈਕੰਡਰੀ ਸਕੂਲ ਵਿਖੇ ਦੰਦਾਂ ਦਾ ਮੁਫ਼ਤ ਚੈਕ ਅੱਪ ਕੈਂਪ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਸੀਨੀਅਰ ਆਗੂ ਉਘੇ ਸਮਾਜ ਸੇਵਕ ਡਾ



ਨਿਰਮਲ ਧਿਮਾਨ ਨੇ ਦੱਸਿਆ ਕਿ ਕੈਂਪ ਦੌਰਾਨ ਅਰੋੜਾ ਹਸਪਤਾਲ ਦੇ ਤਿੰਨ ਡਾਕਟਰਾਂ ਦੀ ਟੀਮ ਵੱਲੋਂ 550 ਬੱਚਿਆਂ ਦੇ ਦੰਦਾਂ ਦਾ ਮੁਫ਼ਤ ਚੈਕ ਅੱਪ ਕੀਤਾ ਗਿਆ । 50 ਤੋਂ ਵੱਧ ਬੱਚਿਆਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਕਲੱਬ ਦੇ ਅਹੁਦੇਦਾਰਾਂ ਵਲੋਂ ਕੈਂਪ ਦੌਰਾਨ ਪਹੁੰਚੇ ਡਾਕਟਰਾਂ ਦੀ ਟੀਮ ਅਤੇ ਪਤਵੰਤੇ ਸੱਜਣਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਲੱਬ ਦੇ ਪ੍ਰਧਾਨ ਰਾਜ ਕੁਮਾਰ ਤੁਲਾਨੀ,ਜਨਰਲ ਸਕੱਤਰ ਡਾ ਨਿਰਮਲ ਧਿਮਾਨ,ਕਰਨਲ ਮਲਕੀਤ ਸਿੰਘ,ਯਸ਼ੂ ਸੂਦ,ਡਾ ਗੁਰਪ੍ਰੀਤ ਸਿੰਘ ਮਾਵੀ , ਮਨਜੀਤ ਸਿੰਘ ਭਾਟੀਆ, ਸਕੂਲ ਦੀ ਪ੍ਰਿੰਸੀਪਲ ਮੈਡਮ ਕਮਲਜੀਤ ਕੌਰ ਸਮੇਤ ਸਟਾਫ ਮੈਂਬਰ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਸਿਹਤ ਵਿਭਾਗ ਵੱਲੋਂ ਡੇਂਗੂ ਸਰਵੇ ਜਾ ਰਹੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 94636 01616 hardipchumber57@gmail.com

ਬਠਿੰਡਾ 14 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਸਿਹਤ ਮੰਤਰੀ ਪੰਜਾਬ ਡਾਕਟਰ ਬਲਵੀਰ ਸਿੰਘ ਦੀ ਅਗਵਾਈ ਹੇਠ ਡੇਂਗੂ ਮਲੇਰੀਆ ਵਿਰੁੱਧ ਸ਼ੁਰੂ ਕੀਤੀ ਮੁਹਿੰਮ ਨਿਰੰਤਰ ਜਾਰੀ ਹੈ। ਇਸੇ ਲੜੀ ਅਧੀਨ ਸਮੁਦਾਇਕ ਸਿਹਤ ਕੇਂਦਰ ਭਗਤਾ ਭਾਈਕਾ ਅਧੀਨ ਪੈਂਦੇ ਪਿੰਡਾਂ ਵਿੱਚ ਸਿਹਤ ਕਰਮਚਾਰੀਆਂ ਵੱਲੋਂ ਘਰ ਘਰ ਜਾਕੇ ਸਰਵੇ ਕੀਤਾ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸਐਮਓ ਡਾਕਟਰ ਸੀਮਾ ਗੁਪਤਾ ਅਤੇ ਬਲਾਕ ਐਜੂਕੇਟਰ ਮਾਲਵਿੰਦਰ ਸਿੰਘ ਤਿਉਣਾ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਥਾਨਕ ਕਸਬਾ ਭਗਤਾ ਭਾਈ ਕਾ,ਭਾਈ ਰੂਪਾ, ਸੇਲ੍ਹੂਕਾ, ਕੋਠਾ ਗੁਰੂ ਵਿਖੇ ਲੋਕਾਂ ਦੇ ਘਰ ਘਰ ਜਾ ਕੇ ਸਰਵੇ ਕੀਤਾ ਗਿਆ। ਇਸ ਸਰਵੇ ਦੌਰਾਨ ਕੂਲਰ ,ਪਾਣੀ ਵਾਲੀਆਂ ਟੈਂਕੀਆਂ , ਪਸ਼ੂਆਂ ਨੂੰ ਪਾਣੀ ਪਿਲਾਉਣ ਵਾਲੀਆਂ ਖੇਲਾਂ ਅਤੇ ਪੰਛੀਆਂ ਦੇ ਪੀਣ ਲਈ ਰੱਖੇ ਕਟੋਰਿਆਂ ਦੀ ਬਰੀਕੀ ਨਾਲ ਜਾਂਚ ਕੀਤੀ ਗਈ। ਇਸ ਸਰਵੇ ਦੌਰਾਨ ਬੁਖਾਰ ਵਾਲੇ ਮਰੀਜ਼ਾਂ ਦੀਆਂ ਸਲਾਈਡਾਂ ਵੀ ਤਿਆਰ ਕੀਤੀਆਂ



ਗਈਆਂ। ਉਹਨਾਂ ਲੋਕਾਂ ਨੂੰ ਸੁਚੇਤ ਕੀਤਾ ਕਿ ਘਰ ਵਿੱਚ ਹਫਤੇ ਬਾਅਦ ਕੂਲਰਾਂ ਖੇਲਾਂ ਅਤੇ ਫਰਿਜ਼ ਦੀਆਂ ਟਰੇਆਂ ਦਾ ਪਾਣੀ ਕੱਢਕੇ ਧੁੱਪ ਵਿਚ ਸੁੱਕਾ ਕੇ ਰੱਖਿਆ ਜਾਵੇ।

# ਮਾਂ-ਬੱਚੇ ਦੀ ਸੰਭਾਲ, ਵੈਲਨੈੱਸ ਤੇ ਹੋਈ ਚਰਚਾ, ਭਰਤਗੜ੍ਹ ਸਿਹਤ ਕੇਂਦਰ 'ਚ ਕੇਅਰ ਕੰਪੈਨੀਅਨ ਪ੍ਰੋਗਰਾਮ ਸੈਸ਼ਨ ਸਫਲਤਾਪੂਰਵਕ ਕਰਵਾਇਆ ਗਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com



ਭਰਤਗੜ੍ਹ, 14 ਮਈ: ਅੱਜ ਕਮਿਊਨਿਟੀ ਹੈਲਥ ਸੈਂਟਰ ਭਰਤਗੜ੍ਹ ਵਿੱਚ ਕੇਅਰ ਕੰਪੈਨੀਅਨ ਪ੍ਰੋਗ੍ਰਾਮ ਅਧੀਨ ਇੱਕ ਮਹੱਤਵਪੂਰਨ ਸੈਸ਼ਨ ਆਯੋਜਿਤ ਕੀਤਾ ਗਿਆ। ਇਸ ਸੈਸ਼ਨ ਵਿਚ ਜਨਰਲ ਵੈਲਬੀਇੰਗ (ਸਧਾਰਣ ਤੰਦਰੁਸਤੀ), ਮਾਂ ਦੀ ਦੇਖਭਾਲ ਅਤੇ ਬੱਚਿਆਂ ਦੀ ਸੰਭਾਲ ਬਾਰੇ ਵਿਸਥਾਰਪੂਰਕ ਜਾਣਕਾਰੀ ਦਿੱਤੀ ਗਈ। ਇਹ ਸੈਸ਼ਨ ਨਰਸਿੰਗ ਸਿਸਟਰ ਬੰਦਨਾ, ਸਟਾਫ ਨਰਸ ਪ੍ਰੀਤ ਕਮਲ, ਹੈਲਥ ਵਰਕਰ ਸਤਵਿੰਦਰ ਕੌਰ ਅਤੇ ਨਵੀਨ ਕੁਮਾਰ ਵੱਲੋਂ ਕਰਵਾਇਆ ਗਿਆ। ਸੈਸ਼ਨ ਦੌਰਾਨ ਉਨ੍ਹਾਂ ਨੇ ਹਾਜ਼ਰੀਨ ਨੂੰ ਘਰੇਲੂ ਸਿਹਤ ਦੇ ਨਿਯਮ, ਗਰਭਵਤੀ ਮਹਿਲਾਵਾਂ ਦੀ ਸੰਭਾਲ, ਪੋਸ਼ਣ, ਟੀਕਾਕਰਨ ਅਤੇ ਨਵਜਾਤ ਬੱਚਿਆਂ ਦੀ ਸੁਰੱਖਿਆ ਬਾਰੇ ਵਿਸਥਾਰ ਨਾਲ ਸਮਝਾਇਆ।

ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਈ ਨੇ ਕਿਹਾ ਕਿ ਇਸ ਤਰ੍ਹਾਂ ਦੇ ਸੈਸ਼ਨ ਲੋਕਾਂ ਵਿੱਚ ਸਿਹਤ ਸੰਬੰਧੀ ਜਾਗਰੂਕਤਾ ਵਧਾਉਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪਰਿਵਾਰਕ ਮੈਂਬਰ ਜਦੋਂ ਮਰੀਜ਼ ਦੀ ਸੰਭਾਲ ਦੇ ਸਹੀ ਤਰੀਕਿਆਂ ਨੂੰ ਸਮਝਦੇ ਹਨ ਤਾਂ ਇਸ ਨਾਲ ਮਰੀਜ਼ ਦੀ ਤੰਦਰੁਸਤੀ ਤੇਜ਼ੀ ਨਾਲ ਵਧਦੀ ਹੈ। ਕੇਅਰ ਕੰਪੈਨੀਅਨ ਪ੍ਰੋਗਰਾਮ ਸਿਹਤ ਸੇਵਾਵਾਂ ਵਿੱਚ ਇਕ ਨਵੀਂ ਸੋਚ ਲੈ ਕੇ ਆਇਆ ਹੈ, ਜੋ ਕਿ ਸਮਾਜ ਦੇ ਹਰ ਵਰਗ ਲਈ ਲਾਭਕਾਰੀ ਸਾਬਤ ਹੋ ਰਿਹਾ ਹੈ।

ਕਮਿਊਨਿਟੀ ਹੈਲਥ ਸੈਂਟਰ ਭਰਤਗੜ੍ਹ ਵੱਲੋਂ ਅਜਿਹੇ ਸੈਸ਼ਨ ਭਵਿੱਖ ਵਿੱਚ ਵੀ ਨਿਰੰਤਰ ਤੌਰ 'ਤੇ ਕਰਵਾਏ ਜਾਣਗੇ, ਤਾਂ ਜੋ ਸਮੂਹ ਨਾਗਰਿਕਾਂ ਨੂੰ ਸਿਹਤਮੰਦ ਜੀਵਨ ਦੀ ਦਿਸ਼ਾ ਦਿੱਤੀ ਜਾ ਸਕੇ।

# ਗਾਇਕ ਤਰਸੇਮ ਜਲਭੈ ਦੇ ਸਿੰਗਲ ਟ੍ਰੈਕ “ਕੌਮ ਦਾ ਮਸੀਹਾ” ਗੀਤ ਦੀ ਸ਼ੂਟਿੰਗ ਮੁਕੰਮਲ !

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com



ਹੁਸ਼ਿਆਰਪੁਰ 14 ਮਈ ( ਤਰਸੇਮ ਦੀਵਾਨਾ ) ਪੰਜਾਬ ਦੇ ਲੋਕਾਂ ਦੀ ਝੋਲੀ ਵਿੱਚ ਅਨੇਕਾਂ ਹੀ ਪੰਜਾਬੀ ਅਤੇ ਧਾਰਮਿਕ ਗੀਤ ਪਾ ਚੁੱਕੀ ਪੰਜਾਬ ਦੀ ਨਾਮਵਰ ਕੰਪਨੀ “ ਫੇਕ ਬ੍ਰਦਰਜ਼ ਪ੍ਰੋਡੈਕਸ਼ਨ “ ਦੇ ਪ੍ਰੋਡਿਓਸਰ ਦੀ ਦੇਖ ਰੇਖ ਹੇਠ ਦੁਆਬੇ ਦੀ ਬੁਲੰਦ ਅਵਾਜ ਦੇ ਮਾਲਕ ਗਾਇਕ ਤਰਸੇਮ ਜਲਭੈ ਦੀ ਸੁਰੀਲੀ ਆਵਾਜ ਵਿੱਚ ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਨੂੰ ਦਰਸਾਉਦਾ ਇੱਕ ਉਦਾਸ ਸਿੰਗਲ ਟ੍ਰੈਕ “ਕੌਮ ਦਾ ਮਸੀਹਾ” ਧਾਰਮਿਕ ਗੀਤ ਦੀ ਸ਼ੂਟਿੰਗ ਡੇਰਾ ਸੱਚਖੰਡ ਬੱਲਾਂ ਵਿਖੇ ਡੀਊਪੀ ਬੱਧਣ ਫੋਟੋਗ੍ਰਾਫਰ,ਕੈਮਰਾਮੈਨ ਗੋਲਡੀ ਸੰਧੂ ਅਤੇ ਲਾਡੀ ਬੱਧਣ ਵਲੋਂ ਬਹੁਤ ਹੀ ਵਧੀਆ ਤਰੀਕੇ ਨਾਲ ਖੂਬਸੂਰਤ ਲੁਕੇਸ਼ਨਾ ਤੇ ਸੂਟ ਕਰਕੇ ਸ਼ੂਟਿੰਗ ਮੁਕੰਮਲ ਕੀਤੀ ਗਈ ! ਇਸ ਮੌਕੇ ਕੰਪਨੀ ਦੇ ਪ੍ਰੋਡਿਓਸਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਧਾਰਮਿਕ ਗੀਤ “ਕੌਮ ਦਾ ਮਸੀਹਾ” ਨੂੰ ਮਿਊਜ਼ਿਕ ਦੀਆ ਮਿੱਠੀਆਂ ਤਰੰਗਾ ਵਿੱਚ ਅਨੇਕਾਂ ਹੀ ਗੀਤਾਂ,ਸ਼ੋਟ ਮੂਵੀ,ਅਤੇ ਪੰਜਾਬੀ ਫਿਲਮਾਂ ਵਿੱਚ ਸੰਗੀਤ ਦੇ ਚੁੱਕੇ ਮਿਊਜਿਕ ਡਾਇਰੈਕਟਰ ਸੁਨੀਲ ਬਾਵਾ ਨੇ ਪਰੋਇਆ ਹੈ ! ਇਸ ਗੀਤ ਦੇ ਗੀਤਕਾਰ ਵੀ ਖੁਦ ਤਰਸੇਮ ਜਲਭੈ ਹੀ ਹਨ ਕੌਮ ਦੇ ਮਸੀਹਾ ਗੀਤ ਦੇਂ ਗਾਇਕ ਤੇ ਗੀਤਕਾਰ ਨੇ ਦੱਸਿਆ ਕਿ ਇਸ ਗੀਤ ਦੀ ਲਾਈਨਾਂ ਵਿਆਨਾਂ ਵਿੱਚ ਹੋਈ ਸੰਤ ਰਾਮਾਨੰਦ ਜੀ ਦੀ ਸ਼ਹੀਦੀ ਨੂੰ ਦਰਸਾਉਂਦੀਆਂ ਹਨ । ਕੰਪਨੀ ਦੇ ਪ੍ਰੋਡਿਓਸਰ ਨੇ ਦੱਸਿਆ ਕਿ ਥੋੜ੍ਹੇ ਸਮੇ ਬਾਅਦ ਹੀ ਗੀਤ “ਕੌਮ ਦਾ ਮਸੀਹਾ” ਸਰੋਤਿਆਂ ਦੀ ਝੋਲੀ ਵਿੱਚ ਹੋਵੇਗਾ ਅਤੇ ਸਾਨੂੰ ਪੂਰੀ ਉਮੀਦ ਹੈ ਕਿ ਇਹ ਗੀਤ ਹਰੇਕ ਭਾਰਤ ਵਾਸੀ ਦੀ ਪਸੰਦ ਬਣੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡੇਰੇ ਦੇ ਸੇਵਾਦਾਰ ਹਰਦੇਵ,ਹਰਮੇਸ਼,ਧਰਮਾ, ਵਰਿੰਦਰ ਬੱਬੂ ਆਦਿ ਹਾਜ਼ਰ ਸਨ !

# ਛੱਤ ਤੋਂ ਵੇਖਿਆ ਸਬਕ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com

ਸੁਖਪ੍ਰੀਤ ਕੌਰ ਢਿੱਲੋਂ ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ,ਦਿਉਣ (ਬਠਿੰਡਾ), ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ,ਕੋਟਗੁਰੂ



ਸ਼ੁਰੂ 'ਚ ਮੈਂ ਇਸਨੂੰ ਹਲਕਾ ਹੀ ਲਿਆ। ਜਦੋਂ ਖੇਤਰ ਵਿੱਚ ਤਣਾਅ ਦੀ ਖ਼ਬਰ ਆਈ, ਤਾਂ ਮੈਂ ਵੀ ਹੋਰਾਂ ਵਾਂਗੂ ਸੋਚਿਆ।"ਸਿਰਫ਼ ਰਾਜਨੀਤੀ ਹੋਵੇਗੀ, ਸਾਨੂੰ ਕੀ ਹੋਣਾ।" ਗਰੁੱਪਾਂ 'ਚ ਜਦੋਂ ਸਾਇਰਨਾਂ ਦੀ ਗੱਲ ਚੱਲੀ ਤੇ ਚੇਤਾਵਨੀਆਂ ਆਈਆਂ, ਤਾਂ ਵੀ ਦਿਲ 'ਚ ਡਰ ਨਹੀਂ ਸੀ। ਹੋਸਟਲ ਦੀ ਛੱਤ ਤੋਂ ਦੁਨੀਆ ਅਜੇ ਵੀ ਨਾਰਮਲ ਹੀ ਲੱਗ ਰਹੀ ਸੀ।ਪਰ ਫਿਰ ਮੈਂ ਆਪਣੀਆਂ ਅੱਖਾਂ ਨਾਲ ਦੇਖਿਆ।

ਇੱਕ ਡਰੋਨ... ਜਾਂ ਹੋ ਸਕਦਾ ਮਿਜ਼ਾਈਲ। ਉਸ ਪਲ ਸਮਝ ਨਹੀਂ ਆਇਆ।ਰਾਤ ਦੇ ਹਨੇਰੇ ਆਕਾਸ਼ 'ਚੋਂ ਜੰਗ ਦੇ ਭੂਤ ਵਾਂਗ ਕੱਟਦਾ ਹੋਇਆ ਲੰਘ ਗਿਆ। ਇਹ ਸੱਚ ਸੀ। ਬਹੁਤ ਸੱਚ। ਆਵਾਜ਼, ਰਫ਼ਤਾਰ, ਅਤੇ ਦਿਲ ਵਿੱਚ ਉੱਠੀ ਕੰਬਣੀ। ਮੈਂ ਜਿਥੇ ਸੀ ਓਥੇ ਜਮੀ ਹੋ ਗਈ। ਅੱਖਾਂ ਸਾਹਮਣੇ ਉਹ ਚੀਜ਼ ਸੀ ਜੋ ਅੱਜ ਤੱਕ ਸਿਰਫ਼ ਟੀਵੀ ਜਾਂ ਖ਼ਬਰਾਂ ਵਿੱਚ ਹੀ ਵੇਖੀ ਸੀ। ਸਭ ਕੁਝ ਅਚਾਨਕ ਬਦਲ ਗਿਆ।ਜਿਵੇਂ ਮੌਤ ਮੇਰੇ ਕੋਲੋਂ ਇੰਜ ਪਾਸ ਹੋ ਗਈ ਹੋਵੇ।ਉਸ ਪਲ ਸਮਝ ਆਇਆ ਕਿ ਸਦਾ ਦੇ ਡਰ ਹੇਠ ਜਿਊਣਾ ਕੀ ਹੁੰਦਾ ਹੈ। ਮੇਰੀ ਲਾਪਰਵਾਹੀ ਟੁਕੜੇ- ਟੁਕੜੇ ਹੋ ਗਈ। ਇਹ ਕੋਈ ਦੂਰ ਦੀ ਖ਼ਬਰ ਨਹੀਂ ਸੀ। ਇਹ ਕਿਸੇ ਹੋਰ ਦੀ ਕਹਾਣੀ ਨਹੀਂ ਰਹੀ। ਹੁਣ ਇਹ ਮੇਰੀ ਆਪਣੀ ਹੋ ਗਈ ਸੀ।ਉਸੇ ਪਲ ਮੈਂ ਸੋਚਣ ਲੱਗ ਪਈ ਉਹਨਾਂ ਲੋਕਾਂ ਬਾਰੇ ਜੋ ਹਰ ਰੋਜ਼ ਇਹ ਦਹਿਸ਼ਤ ਸਹਿ ਰਹੇ ਨੇ, ਜੋ ਅਸਮਾਨ ਸਾਫ ਹੋਣ ਮਗਰੋਂ ਵੀ ਸੁਰੱਖਿਅਤ ਥਾਂ ਤੇ ਨਹੀਂ ਲੌਟ ਸਕਦੇ। ਬਾਰਡਰ ਕੋਲ ਰਹਿਣ ਵਾਲੇ ਪਰਿਵਾਰ, ਉਹ ਬੱਚੇ ਜੋ ਸਾਇਰਨਾਂ ਦੀ ਆਵਾਜ਼ 'ਚ ਜਾਗ ਜਾਂਦੇ ਹਨ, ਉਹ ਮਾਪੇ ਜੋ ਹਰ ਰੋਜ਼ ਅਣਜਾਣ ਡਰ 'ਚ ਰਹਿੰਦੇ ਹਨ ਕਿ ਉਹਨਾਂ ਦਾ ਲਾਲ (ਸਰਕਾਰ ਦੀ ਨੌਕਰੀ ਕਰਨ ਗਿਆ)ਘਰ ਆਵੇਗਾ ਜਾਂ ਨਹੀਂ। ਮੈਂ ਉਹਨਾਂ ਦਾ ਦਰਦ ਮਹਿਸੂਸ ਕੀਤਾ। ਸਿਰਫ਼ ਸੋਚ ਕੇ ਨਹੀਂ, ਸਰੀਰ ਦੀ ਰਗ - ਰਗ 'ਚ। ਤੁਸੀਂ ਜਾਣਦੇ ਹੋ ਕਿ ਦੂਰੋਂ ਬੋਲਣਾ ਆਸਾਨ ਹੁੰਦਾ ਹੈ। ਦੂਰੀ ਤੋਂ ਰਾਇ ਬਣਾਉਣਾ ਆਸਾਨ। ਪਰ ਜਦੋਂ ਖ਼ਤਰਾ ਤੁਹਾਡੇ ਦਰ 'ਤੇ ਆਉਂਦਾ ਹੈ, ਜਦੋਂ ਇਹ ਤੁਹਾਡੇ ਕੰਧੇ ਨੂੰ ਛੂਹ ਕੇ ਲੰਘ ਜਾਂਦਾ ਹੈ, ਤੇ ਜ਼ਿੰਦਗੀ ਦੀ ਨਾਜ਼ੁਕਤਾ ਦੱਸ ਜਾਂਦਾ ਹੈ, ਉਦੋਂ ਹੀ ਅਸਲ ਸਮਝ ਆਉਂਦੀ ਹੈ।ਮੈਂ ਅਜੇ ਵੀ ਨਹੀਂ ਜਾਣਦੀ ਕਿ ਇਹ ਸਿਰਫ਼ ਰਾਜਨੀਤਿਕ ਚਾਲਾਂ ਹਨ ਜਾਂ ਕੁਝ ਹੋਰ। ਪਰ ਇੱਕ ਗੱਲ ਦਿਲੋਂ ਜ਼ਰੂਰ ਜਾਣਦੀ ਹਾਂ, ਜੋ ਵੀ ਇਹ ਸਭ ਕੁਝ ਹੈ, ਇਹ ਰੁਕਣਾ ਚਾਹੀਦਾ ਹੈ। ਅਸੀਂ ਡਰ ਨੂੰ ਨਿਯਮਤ ਜੀਵਨ ਦਾ ਹਿੱਸਾ ਨਹੀਂ ਬਣਨ ਦੇ ਸਕਦੇ। ਅਸੀਂ ਦਹਿਸ਼ਤ ਨੂੰ ਆਮ ਨਹੀਂ ਬਣਨ ਦੇ ਸਕਦੇ। ਅਤੇ ਅਸੀਂ ਇਹ ਨਾ ਭੁੱਲੀਏ ਕਿ ਹਰ ਧਮਾਕੇ, ਹਰ ਡਰੋਨ, ਹਰ ਐਮਰਜੈਂਸੀ ਖ਼ਬਰ ਦੇ ਪਿੱਛੇ ਇਕ-ਇਕ ਜ਼ਿੰਦਗੀ ਹੁੰਦੀ ਹੈ। ਅਸਲ ਲੋਕ, ਅਸਲ ਕਹਾਣੀਆਂ, ਅਸਲ ਪਰਿਵਾਰ ਜੋ ਹਰ ਪਲ ਡੋਲੇ ਹੋਏ ਧਾਗੇ 'ਤੇ ਟਿਕੇ ਹੋਏ ਹਨ।ਇਸ ਅਨੁਭਵ ਨੇ ਮੈਨੂੰ ਬਦਲ ਦਿੱਤਾ।

# ਸੰਪਾਦਕ ਦੇ ਨਾਮ ਖਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com

## ਬੇਰੁਜ਼ਗਾਰਾਂ ਨਾਲ ਮਜ਼ਾਕ

ਅੱਜ ਕੱਲ ਉੰਝ ਤਾਂ ਤਕਰੀਬਨ ਵੱਖ ਵੱਖ ਵਿਭਾਗਾਂ ਵਲੋਂ ਆਸਾਮੀਆਂ ਭਰਾਉਣ ਸਮੇਂ ਆਨਲਾਈਨ ਹੀ ਫਾਰਮ ਭਰਵਾਏ ਜਾਂਦੇ ਹਨ। ਪ੍ਰੰਤੂ ਕਈ ਵਾਰ ਕੁੱਝ ਵਿਭਾਗ ਜਾਂ ਅਦਾਰੇ ਵੱਲੋਂ ਆਫ਼ਲਾਈਨ/ਦਸਤੀ ਹੀ ਫਾਰਮ ਮੰਗ ਲਏ ਜਾਂਦੇ ਹਨ। ਜਿਸ ਨਾਲ ਕਈ ਵਾਰ ਫ਼ੀਸ ਵਜੋਂ ਡਰਾਫਟ ਮੰਗ ਲਿਆ ਜਾਂਦਾ ਹੈ। ਜਦੋਂ ਕੋਈ ਬੇਰੁਜ਼ਗਾਰ ਡਰਾਫਟ ਬਣਾਉਣ ਲਈ ਜਾਂਦਾ ਹੈ ਤਾਂ ਅੱਗੋਂ ਜਿਆਦਾਤਰ ਬੈਂਕਾਂ ਵਾਲੇ ਉਸ ਨੂੰ ਬਹੁਤ ਪ੍ਰੇਸ਼ਾਨ ਤੇ ਜ਼ਲੀਲ ਕਰਦੇ ਹਨ। ਕਦੇ ਆਖਦੇ ਹਨ ਕਿ ਅੱਜ ਸਿਸਟਮ ਨਹੀਂ ਚੱਲਦਾ, ਕਦੇ ਆਖਦੇ ਹਨ ਕਿ ਅੱਜ ਤਾਂ ਪ੍ਰਿੰਟਰ ਖ਼ਰਾਬ ਹੈ, ਕਦੇ ਆਖਦੇ ਹਨ ਕਿ ਉਸ ਬੈਂਕ ਵਿੱਚ ਜਾਕੇ ਬਣਾਓ ਜਿੱਥੇ ਤੁਹਾਡਾ ਖਾਤਾ ਹੈ। ਇਸ ਤਰ੍ਹਾਂ ਕੋਝਾ ਮਜ਼ਾਕ ਹੋਣ ਨਾਲ ਵਿਚਾਰਾ ਬੇਰੁਜ਼ਗਾਰ ਕਈ ਕਈ ਦਿਨ ਭਟਕਦਾ ਰਹਿੰਦਾ ਹੈ।ਜਦਕਿ ਬੈਂਕ ਵਿੱਚ ਸਭ ਕੁੱਝ ਹੀ ਦਰੁੱਸਤ ਹੁੰਦਾ ਹੈ। ਬੱਸ ਤਰ੍ਹਾਂ ਤਰ੍ਹਾਂ ਦੇ ਬਹਾਨੇ ਲਗਾਕੇ ਦੁਖੀ ਬੇਰੁਜ਼ਗਾਰ ਨੂੰ ਹੋਰ ਦੁਖੀ ਕੀਤਾ ਜਾਂਦਾ ਹੈ। ਇਹ ਕੌੜਾ ਤਜੁਰਬਾ ਤਕਰੀਬਨ ਹਰ ਬੇਰੁਜ਼ਗਾਰ ਵਿਅਕਤੀ ਦਾ ਜ਼ਰੂਰ ਹੋਇਆ ਹੋਵੇਗਾ। ਬੈਂਕਾਂ ਦੇ ਉੱਚ ਅਧਿਕਾਰੀਆਂ ਨੂੰ ਬੇਰੁਜ਼ਗਾਰਾਂ ਦੇ ਇਸ ਦਰਦ ਨੂੰ ਜ਼ਰੂਰ ਸਮਝਣਾ ਚਾਹੀਦਾ ਹੈ। ਉਹਨਾਂ ਨੂੰ ਯਾਦ ਕਰਨਾ ਚਾਹੀਦਾ ਹੈ ਕਿ ਕਿਸੇ ਦਿਨ ਉਹ ਵੀ ਬੇਰੁਜ਼ਗਾਰ ਸਨ ... । ਸਰਕਾਰ ਨੂੰ ਵੀ ਇਸ ਪਾਸੇ ਖ਼ਾਸ ਧਿਆਨ ਦੇਣਾ ਚਾਹੀਦਾ ਹੈ।

ਅੰਗਰੇਜ ਸਿੰਘ ਵਿੱਕੀ ਕੋਟਗੁਰੂ,
ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ),
ਮੋਬਾਇਲ 98888-70822,

## ਕੋਮਲਪ੍ਰੀਤ ਕੌਰ 10+2 ਮੈਡੀਕਲ ਵਿੱਚੋਂ 96% ਅੰਕ



ਪੁਲਿਸ ਪਬਲਿਕ ਸਕੂਲ ਬਠਿੰਡਾ ਦੀ ਵਿਦਿਆਰਥਣ ਕੋਮਲਪ੍ਰੀਤ ਕੌਰ ਪੁੱਤਰੀ ਰਾਜਵਿੰਦਰ ਸਿੰਘ, ਮਾਤਾ ਸ਼ਿੰਦਰ ਕੌਰ ਨੇ 10+2 ਮੈਡੀਕਲ ਵਿੱਚੋਂ 96% ਅੰਕ ਪ੍ਰਾਪਤ ਕਰਕੇ ਆਪਣੀ ਮਿਹਨਤ ਦੇ ਬਲਬੂਤੇ ਸਕੂਲ ਵਿੱਚੋਂ ਪਹਿਲਾਂ ਸਥਾਨ ਹਾਸਲ ਕੀਤਾ। ਫ਼ੋਟੋ ਤੇ ਵੇਰਵਾ - ਅੰਗਰੇਜ ਸਿੰਘ ਵਿੱਕੀ ਕੋਟਗੁਰੂ

## ਵਿੱਤ ਮੰਤਰੀ ਹਰਪਾਲ ਚੀਮਾ ਨੇ ਕੇਂਦਰੀ ਮੰਤਰੀ ਪੀਯੂਸ਼ ਗੋਇਲ ਨੂੰ ਪੱਤਰ ਲਿਖਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com



ਚੰਡੀਗੜ੍ਹ, 14 ਮਈ (ਵਿਸ਼ਵ ਵਾਰਤਾ) : ਪੰਜਾਬ (Punjab) ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰੀ ਮੰਤਰੀ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਨੇ ਇਸ ਪੱਤਰ ਰਾਹੀਂ ਮੰਗ ਕੀਤੀ ਹੈ ਕਿ ਮੀਥੇਨੌਲ ਸਬੰਧੀ ਸਖ਼ਤ ਕਾਨੂੰਨ ਬਣਾਇਆ ਜਾਵੇ ਅਤੇ ਮੈਥਾਨੌਲ ਨੂੰ ਆਮ ਰਸਾਇਣਾਂ ਦੀ ਸ਼੍ਰੇਣੀ ਵਿੱਚੋਂ ਬਾਹਰ ਕੱਢਿਆ ਜਾਵੇ।

## ਅੱਠਵੀਂ ਸ਼੍ਰੇਣੀ ਅਨੁਪੂਰਕ (ਰੀ-ਅਪੀਅਰ) ਪਰੀਖਿਆ ਮਈ/ਜੂਨ 2025 ਦੀ ਪ੍ਰੀਖਿਆ ਦਾ ਐਲਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com

ਮੋਹਾਲੀ 14 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ) ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਅੱਠਵੀਂ ਸ਼੍ਰੇਣੀ ਅਨੁਪੂਰਕ ਪ੍ਰੀਖਿਆ,ਮਿਤੀ 29.5.2025 ਤੋਂ 9.6.2025 ਤੱਕ ਬੋਰਡ ਵੱਲੋਂ ਸਥਾਪਤ ਪ੍ਰੀਖਿਆ ਕੇਂਦਰਾਂ ਤੇ ਕਰਵਾਈ ਜਾ ਰਹੀ ਹੈ । ਪ੍ਰੀਖਿਆ ਸ਼ੁਰੂ ਹੋਣ ਦਾ ਸਮਾਂ ਸਵੇਰੇ 11.00 ਵਜੇ ਹੋਵੇਗਾ। ਵਧੇਰੇ ਜਾਣਕਾਰੀ ਬੋਰਡ ਦੀ ਵੈਬਸਾਈਟ www.pseb.ac.in ਤੇ ਵੀ ਉਪਲਬਧ ਹੈ।

# ਕਲਮ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 14 ਮਈ INTERNATIONAL PAPER, 9463601616 hardipchumber57@gmail.com



ਅਜੀਤ ਖੰਨਾ ਮੋ:76967-54669

ਖਬਰੇ ! ਕਲਮ ਕਿਉਂ
ਸੱਚ ਲਿਖਣ ਤੋ ਘਬਰਾਂਉਦੀ ਐ
ਵੱਟ ਪਾਸਾ ਸੱਚ ਤੋਂ
ਪਤਾ ਨੀ ਕਿਉਂ ?
ਝੂਠੇ ਦੀਆਂ ਬਾਤਾਂ ਪਾਉਂਦੀ ਐ

ਗੁਰੂਆਂ ਪੀਰਾਂ ਦੀ ਧਰਤੀ ਤੇ
ਛੱਡ ਨਾਨਕ ਦੀ ਬਾਣੀ ਨੂੰ
ਪਤਾ ਨਹੀ ਕਿਉਂ ?
ਪਾਖੰਡੀਆਂ ਦੇ ਗੁਣ ਗਾਂਉਦੀ ਐ
ਕਿਉਂ ਨਾ ਕਰਾਂ ਏ ਕਲਮ ?
ਸੱਚ ਲਿਖਣ ਤੋਂ ਘਬਰਾਂਉਦੀ ਐ

ਸੱਚ ਨੂੰ ਚੜ੍ਹਦਾ ਵੇਖ ਫਾਂਸੀ
ਅੱਖਾਂ ਬੰਦ ਕਰ
ਮਕਾਰਾਂ ਦੇ ਸੋਹਲੇ ਗਾਂਉਦੀ ਐ
ਪਤਾ ਨਹੀ ਕਿਉਂ ?
ਕਲਮ ਆਪਣਾ ਆਪ ਬਚਾਉਦੀ ਐ

ਬਾਬੇ ਨਾਨਕ ਦੀ ਧਰਤੀ ਤੇ
ਧੀਆਂ ਦੀ ਪੱਤ ਲੁੱਟੀ ਜਾ ਰਹੀ ਹੈ
ਫੇਰ ਵੀ ਪਤਾ ਨੀ ਕਿਉਂ ?
ਬੁੱਲੇ ਤੇ ਵਾਰਿਸ ਦੇ ਵਾਰਸਾਂ ਦੀ ਕਲਮ
ਖੰਨਿਆ ਸੱਚ ਛਪਾਉਦੀ ਐ

“ਇਕੁਐਲਿਟੀ ਐਂਡ ਜਸਟਿਸ”



ਐਡਵਰਟਾਈਜਮੈਂਟ, ਖ਼ਬਰਾਂ, ਆਰਟੀਕਲ, ਕਵਿਤਾਵਾਂ, ਲਿਖਤਾਂ, ਖੁਸ਼ੀਆਂ ਅਤੇ ਗਮੀਆਂ ਦੇ ਸੁਨੇਹੇ, ਵਿਆਹ ਸ਼ਾਦੀਆਂ ਦੇ ਇਸ਼ਤਿਹਾਰ ਆਦਿ ਅਤੇ ਹੋਰ ਛਾਪਣ ਯੋਗ ਸਮਗਰੀ ਫੋਟੋਆਂ ਦੇ ਸਮੇਤ ਟਾਈਪ ਕਰਕੇ ਸਾਫ-ਸਾਫ ਭੇਜਣ ਦੀ ਕਿਰਪਾ ਕਰੋ। ਕਿਸੇ ਵੀ ਤਰਾਂ ਦੀ ਲਿਖਤਾਂ, ਖ਼ਬਰਾਂ ਅਤੇ ਇਸ਼ਤਿਹਾਰ ਦੀ ਹਰ ਤਰਾਂ ਦੀ ਜਿੰਮੇਵਾਰੀ ਭੇਜਣ ਵਾਲੇ ਦੀ ਹੋਵੇਗੀ। ਕਿਸੇ ਵੀ ਲਿਖਤ ਨੂੰ ਛਾਪਣਾ ਜਾ ਨਾ ਛਾਪਣਾ “ਇਕੁਐਲਿਟੀ ਐਂਡ ਜਸਟਿਸ” ਬੋਰਡ ਦੇ ਡਾਇਰੈਕਟਰਜ਼ ਦਾ ਅਧਿਕਾਰ ਹੋਵੇਗਾ।

ਸਮਾਜਿਕ ਦਾਇਤਵ ਹਿਤ ਸਹਾਇਤਾ ਲਈ ਗੂੱਗਲ ਪੇ ਨੰਬਰ ਅਤੇ ਬੈਂਕ ਅਕਾਊਂਟ ਨੰਬਰ ਦਿੱਤਾ ਗਿਆ ਹੈ।

ਸੰਪਾਦਕ – “ਇਕੁਐਲਿਟੀ ਐਂਡ ਜਸਟਿਸ” - Whats app 91-94636-01616.

Email-hardipchumber57@gmail.com -

(Google pay- 91-9780634849)

HARDIP SINGH SATE BANK OF INDIA

ACCT NO-10566643658 . IFSC- SBIN0050773

"Equality and justice"
Patiala 14 May
INTERNATIONAL PAPER, 94636 01616

# ਮੈਂ ਅਸਥਾਈ ਤਬਦੀਲੀਆਂ ਨਹੀਂ ਚਾਹੁੰਦਾ- ਕਾਂਸ਼ੀ ਰਾਮ

SENT BY C. L. CHUMBER (c.l.chumber@gmail.co )
(COURTESY: THE ILLUSTRATED WEEKLY OF INDIA, MUMBAI, MARCH 8, 1987)

**ਸਵਾਲ: ਤੁਸੀਂ ਸਾਰੀਆਂ ਰਾਸ਼ਟਰੀ ਪਾਰਟੀਆਂ, ਖਾਸ ਕਰਕੇ ਕਮਿਊਨਿਸਟਾਂ ਪ੍ਰਤੀ ਇੰਨੇ ਵਿਰੋਧੀ ਕਿਉਂ ਹੋ?**

ਕਾਂਸ਼ੀ ਰਾਮ: ਮੇਰੇ ਖਿਆਲ ਵਿੱਚ, ਸਾਰੀਆਂ ਪਾਰਟੀਆਂ ਯਥਾਸਥਿਤੀ ਦੀਆਂ ਤਾਕਤਾਂ ਨੂੰ ਦਰਸਾਉਂਦੀਆਂ ਹਨ। ਸਾਡੇ ਲਈ, ਰਾਜਨੀਤੀ ਪਰਿਵਰਤਨ ਦੀ ਰਾਜਨੀਤੀ ਹੈ। ਮੌਜੂਦਾ ਪਾਰਟੀਆਂ ਯਥਾਸਥਿਤੀ ਦਾ ਕਾਰਨ ਹਨ। ਇਸੇ ਕਰਕੇ ਪਛੜੇ ਭਾਈਚਾਰਿਆਂ ਲਈ ਕੋਈ ਉੱਪਰ ਵੱਲ ਗਤੀਸ਼ੀਲਤਾ ਨਹੀਂ ਰਹੀ ਹੈ। ਕਮਿਊਨਿਸਟ ਪਾਰਟੀਆਂ ਇਸ ਸਬੰਧ ਵਿੱਚ ਸਭ ਤੋਂ ਵੱਡੀ ਰੁਕਾਵਟ ਬਣ ਗਈਆਂ ਹਨ। ਉਹ ਤਬਦੀਲੀ ਬਾਰੇ ਗੱਲ ਕਰਦੇ ਰਹਿੰਦੇ ਹਨ, ਪਰ ਯਥਾਸਥਿਤੀ ਲਈ ਕੰਮ ਕਰਦੇ ਹਨ। ਭਾਜਪਾ ਬਿਹਤਰ ਹੈ, ਉਹ ਕਦੇ ਵੀ ਤਬਦੀਲੀ ਬਾਰੇ ਗੱਲ ਨਹੀਂ ਕਰਦੇ। ਇਸ ਲਈ ਲੋਕ ਕਦੇ ਵੀ ਧੋਖਾ ਮਹਿਸੂਸ ਨਹੀਂ ਕਰਦੇ। ਕਾਂਗਰਸ ਅਤੇ ਕਮਿਊਨਿਸਟ ਵਰਗੀਆਂ ਪਾਰਟੀਆਂ ਗਰੀਬੀ ਨੂੰ ਖਤਮ ਕਰਨ ਦੀ ਗੱਲ ਕਰਦੀਆਂ ਹਨ, ਪਰ ਲੋਕਾਂ ਨੂੰ ਗਰੀਬ ਰੱਖਣ ਲਈ ਕੰਮ ਕਰਦੀਆਂ ਹਨ। ਜੇਕਰ ਗਰੀਬਾਂ ਨੂੰ ਗਰੀਬ ਨਹੀਂ ਰੱਖਿਆ ਜਾਂਦਾ, ਤਾਂ ਇਹ ਲੋਕ ਆਪਣੀਆਂ ਸੀਟਾਂ 'ਤੇ ਨਹੀਂ ਰਹਿ ਸਕਦੇ।

**ਪ੍ਰਸ਼ਨ: ਕਾਂਗਰਸ ਸ਼ਤਾਬਦੀ 'ਤੇ, ਅਰੁਣ ਸਿੰਘ ਨੇ ਕਿਹਾ ਕਿ ਤੁਹਾਡਾ ਉਭਾਰ ਰਾਸ਼ਟਰੀ ਲੋਕਾਚਾਰ ਲਈ ਸਿਹਤਮੰਦ ਨਹੀਂ ਸੀ।**

ਕਾਂਸ਼ੀ ਰਾਮ: ਉਹ ਇੱਕ ਮਹਾਰਾਜੇ ਦਾ ਪੋਤਾ ਹੈ ਜਿਸਨੇ ਕਦੇ ਵੀ ਰਾਸ਼ਟਰ ਦੇ ਹਿੱਤਾਂ ਨੂੰ ਧਿਆਨ ਵਿੱਚ ਨਹੀਂ ਰੱਖਿਆ। ਉਨ੍ਹਾਂ ਲਈ ਰਾਸ਼ਟਰਵਾਦ ਜਗੀਰਦਾਰੀ ਹੈ। ਮੇਰੇ ਲਈ ਰਾਸ਼ਟਰਵਾਦ ਭਾਰਤ ਦਾ ਸਮੂਹ ਹੈ। ਮੈਂ ਦੋ ਰਾਸ਼ਟਰ ਸਿਧਾਂਤ ਵਿੱਚ ਵਿਸ਼ਵਾਸ ਰੱਖਦਾ ਹਾਂ: ਉਹ ਜੋ ਜ਼ੁਲਮ ਕਰਦੇ ਹਨ ਅਤੇ ਉਹ ਜੋ ਜ਼ੁਲਮ ਦਾ ਸ਼ਿਕਾਰ ਹਨ। ਇੱਕ ਬਦਕਿਸਮਤ ਮਹਾਰਾਜੇ ਦਾ ਪੋਤਾ ਰਾਸ਼ਟਰਵਾਦ ਬਾਰੇ ਕੀ ਜਾਣਦਾ ਹੈ? ਅਸੀਂ ਅਰੁਣ ਸਿੰਘ ਤੋਂ ਅਜਿਹੀਆਂ ਗੱਲਾਂ ਤੋਂ ਵੱਧ ਕੀ ਉਮੀਦ ਕਰ ਸਕਦੇ ਹਾਂ?

**ਸਵਾਲ: ਤੁਹਾਡਾ ਕਾਡਰ ਮਹਾਤਮਾ ਗਾਂਧੀ ਪ੍ਰਤੀ ਇੰਨਾ ਵਿਰੋਧੀ ਕਿਉਂ ਹੈ?**

ਕਾਂਸ਼ੀ ਰਾਮ: ਗਾਂਧੀ ਹਰ ਚੀਜ਼ ਦੀ ਜੜ੍ਹ ਹੈ। ਮੈਂ ਬਦਲਾਅ ਚਾਹੁੰਦਾ ਹਾਂ। ਡਾ. ਅੰਬੇਡਕਰ ਬਦਲਾਅ ਚਾਹੁੰਦੇ ਸਨ। ਪਰ ਗਾਂਧੀ ਯਥਾਸਥਿਤੀ ਦੇ ਰਖਵਾਲੇ ਸਨ। ਉਹ ਚਾਹੁੰਦੇ ਸਨ ਕਿ ਸ਼ੂਦਰ ਸ਼ੂਦਰ ਹੀ ਰਹਿਣ। ਗਾਂਧੀ ਨੇ ਰਾਸ਼ਟਰ ਨੂੰ ਵੰਡਿਆ ਰੱਖਣ ਲਈ ਕੰਮ ਕੀਤਾ। ਅਸੀਂ ਰਾਸ਼ਟਰ ਨੂੰ ਇਕਜੁੱਟ ਕਰਨ ਅਤੇ ਸਾਰੀਆਂ ਨਕਲੀ ਵੰਡਾਂ ਨੂੰ ਮਿਟਾਉਣ ਲਈ ਕੰਮ ਕਰ ਰਹੇ ਹਾਂ।

**ਸਵਾਲ: ਤੁਹਾਡੇ ਅੰਦੋਲਨ ਨੂੰ ਹਕੀਕਤ ਬਣਨ ਵਿੱਚ ਇੰਨਾ ਸਮਾਂ ਕਿਉਂ ਲੱਗਿਆ?**

ਕਾਂਸ਼ੀ ਰਾਮ: 1971 ਤੱਕ, ਮੈਨੂੰ ਇੰਨੀ ਦਿਲਚਸਪੀ ਨਹੀਂ ਸੀ। ਮੈਂ ਆਰਪੀਆਈ ਨਾਲ ਕੰਮ ਕਰ ਰਿਹਾ ਸੀ। ਫਿਰ ਮੈਨੂੰ ਪਤਾ ਲੱਗਾ ਕਿ ਮੈਂ ਇੱਕ ਅਜਿਹੇ ਜਹਾਜ਼ ਵੱਲ ਵਧ ਰਿਹਾ ਸੀ ਜਿਸਨੂੰ ਦੂਸਰੇ ਛੱਡ ਰਹੇ ਸਨ। ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਤਿਆਰ ਕਰਨ ਵਿੱਚ ਬਹੁਤ ਸਮਾਂ ਲੱਗਿਆ। ਸਾਨੂੰ ਬਹੁਤ ਸਾਰੀ ਜਾਣਕਾਰੀ ਇਕੱਠੀ ਕਰਨੀ ਪਈ, ਤਾਂ ਜੋ ਅਸੀਂ ਜਾਣ ਸਕੀਏ ਕਿ ਸਮਾਜ ਨੂੰ ਕਿਵੇਂ ਤਿਆਰ ਕਰਨਾ ਹੈ ਅਤੇ ਇੱਕ ਕਾਡਰ ਕਿਵੇਂ ਬਣਾਉਣਾ ਹੈ। ਸਮਾਜ ਨੂੰ ਤਿਆਰ ਕਰਨ ਵਿੱਚ ਸ਼ੁਰੂ ਵਿੱਚ ਬਹੁਤ ਸਮਾਂ ਲੱਗਿਆ। ਹੁਣ ਅਸੀਂ ਬਹੁਤ ਤੇਜ਼ ਰਫ਼ਤਾਰ ਨਾਲ ਅੱਗੇ ਵਧ ਰਹੇ ਹਾਂ। ਅਗਲੇ ਸਾਲ ਜਦੋਂ ਤੁਸੀਂ ਮੈਨੂੰ ਮਿਲੋਗੇ, ਤਾਂ ਤੁਸੀਂ ਮੈਨੂੰ ਪੁੱਛੋਗੇ ਕਿ ਅਸੀਂ ਇੰਨੀ ਤੇਜ਼ੀ ਕਿਵੇਂ ਹਾਸਲ ਕੀਤੀ ਹੈ।

**ਸਵਾਲ: ਤੁਸੀਂ ਜਾਤੀਵਾਦੀ ਪਾਰਟੀ ਬਣਾ ਕੇ ਜਾਤ ਨੂੰ ਕਿਵੇਂ ਖਤਮ ਕਰ ਸਕਦੇ ਹੋ?**

ਕਾਂਸ਼ੀ ਰਾਮ: ਬਸਪਾ ਇੱਕ ਜਾਤੀਵਾਦੀ ਪਾਰਟੀ ਨਹੀਂ ਹੈ। ਜੇਕਰ ਅਸੀਂ 6000 ਜਾਤਾਂ ਨੂੰ ਇਕਜੁੱਟ ਕਰ ਰਹੇ ਹਾਂ, ਤਾਂ ਤੁਸੀਂ ਸਾਨੂੰ ਜਾਤੀਵਾਦੀ ਕਿਵੇਂ ਕਹਿ ਸਕਦੇ ਹੋ?

**ਸਵਾਲ: ਮੇਰਾ ਮੰਨਣਾ ਹੈ ਕਿ ਤੁਹਾਡੀ ਪਾਰਟੀ ਉੱਚ ਜਾਤੀਆਂ ਲਈ ਸੀਮਾ ਤੋਂ ਬਾਹਰ ਹੈ।**

ਕਾਂਸ਼ੀ ਰਾਮ: ਉੱਚ ਜਾਤੀਆਂ ਕਹਿੰਦੀਆਂ ਹਨ ਕਿ ਸਾਨੂੰ ਕਿਉਂ ਸ਼ਾਮਲ ਨਹੀਂ ਕੀਤਾ ਜਾਂਦਾ। ਮੈਂ ਕਹਿੰਦਾ ਹਾਂ ਕਿ ਤੁਸੀਂ ਸਾਰੀਆਂ ਪਾਰਟੀਆਂ ਦੀ ਅਗਵਾਈ ਕਰ ਰਹੇ ਹੋ। ਜੇਕਰ ਤੁਸੀਂ ਸਾਡੀ ਪਾਰਟੀ ਵਿੱਚ ਸ਼ਾਮਲ ਹੋ ਜਾਂਦੇ ਹੋ, ਤਾਂ ਤੁਸੀਂ ਇੱਥੇ ਵੀ ਬਦਲਾਅ ਦਾ ਐਲਾਨ ਕਰੋਗੇ। ਉੱਚ ਜਾਤੀਆਂ ਪਾਰਟੀ ਵਿੱਚ ਸ਼ਾਮਲ ਹੋ ਸਕਦੀਆਂ ਹਨ, ਪਰ ਉਹ ਇਸਦੇ ਆਗੂ ਨਹੀਂ ਹੋ ਸਕਦੇ। ਲੀਡਰਸ਼ਿਪ ਪਛੜੇ ਭਾਈਚਾਰੇ ਦੇ ਹੱਥਾਂ ਵਿੱਚ ਰਹੇਗੀ। ਮੇਰਾ ਡਰ ਇਹ ਹੈ ਕਿ ਇਹ ਉੱਚ ਜਾਤੀ ਦੇ ਲੋਕ ਸਾਡੀ ਪਾਰਟੀ ਵਿੱਚ ਆ ਜਾਣਗੇ ਅਤੇ ਤਬਦੀਲੀ ਦੀ ਪ੍ਰਕਿਰਿਆ ਨੂੰ ਰੋਕ ਦੇਣਗੇ। ਜਦੋਂ ਇਹ ਡਰ ਚਲਾ ਜਾਵੇਗਾ, ਤਾਂ ਉਹ ਸਾਡੀ ਪਾਰਟੀ ਵਿੱਚ ਸ਼ਾਮਲ ਹੋ ਸਕਦੇ ਹਨ।

**ਸਵਾਲ: ਤੁਹਾਡਾ ਹਲਕਾ ਕਿਹੜਾ ਹੈ?**

ਕਾਂਸ਼ੀ ਰਾਮ: ਮੈਂ ਬਾਬੂ ਜਗਜੀਵਨ ਰਾਮ ਅਤੇ ਚੌਧਰੀ ਚਰਨ ਸਿੰਘ ਦੇ ਸੰਵਿਧਾਨ ਦੀ ਨੁਮਾਇੰਦਗੀ ਕਰਦਾ ਹਾਂ। ਅਤੇ ਕੁਝ ਹੱਦ ਤੱਕ ਹੋ ਸਕਦਾ ਹੈ, ਸਈਦ ਸ਼ਾਹਬੁੱਦੀਨ।

**ਸਵਾਲ: ਦਿੱਲੀ ਵਿੱਚ ਜਿਨ੍ਹਾਂ ਸਿਆਸਤਦਾਨਾਂ ਨਾਲ ਅਸੀਂ ਗੱਲ ਕੀਤੀ ਉਹ ਕਹਿੰਦੇ ਹਨ ਕਿ ਜੇਕਰ ਬਸਪਾ ਬਹੁਤ ਜ਼ਿਆਦਾ ਲੜਾਕੂ ਹੋ ਜਾਂਦੀ ਹੈ ਤਾਂ ਉਹ ਤੁਹਾਨੂੰ ਰਾਜਨੀਤਿਕ ਤੌਰ 'ਤੇ ਖਤਮ ਕਰ ਦੇਣਗੇ।**

ਕਾਂਸ਼ੀ ਰਾਮ: ਅਸੀਂ ਉਨ੍ਹਾਂ ਨੂੰ ਖਤਮ ਕਰ ਦੇਵਾਂਗੇ। ਕਿਉਂਕਿ ਜੇਕਰ ਇੰਦਿਰਾ ਨੂੰ ਇੱਕ ਚਮਾਰ ਦੁਆਰਾ ਖਤਮ ਕੀਤਾ ਜਾ ਸਕਦਾ ਹੈ, ਤਾਂ ਕੀ ਇਹ ਸਾਥੀ ਬਚ ਜਾਣਗੇ? ਜਦੋਂ ਅਸੀਂ ਹਥਿਆਰਬੰਦ ਬਲਾਂ ਵਿੱਚ 90 ਪ੍ਰਤੀਸ਼ਤ, ਬੀਐਸਐਫ ਵਿੱਚ 70 ਪ੍ਰਤੀਸ਼ਤ, ਸੀਆਰਪੀਐਫ ਅਤੇ ਪੁਲਿਸ ਵਿੱਚ 50 ਪ੍ਰਤੀਸ਼ਤ ਹਾਂ, ਤਾਂ ਸਾਡੇ ਨਾਲ ਕੌਣ ਬੇਇਨਸਾਫ਼ੀ ਕਰ ਸਕਦਾ ਹੈ? ਇੱਕ ਜਨਰਲ ਨੂੰ ਜਵਾਨਾਂ ਦੇ ਮੁਕਾਬਲੇ ਘੱਟ ਗੋਲੀਆਂ ਦੀ ਲੋੜ ਹੁੰਦੀ ਹੈ। ਉਹਨਾਂ ਕੋਲ ਆਮ ਹੋ ਸਕਦੇ ਹਨ ਪਰ ਜਵਾਨ ਨਹੀਂ।




**ਸਵਾਲ: ਕੀ ਤੁਸੀਂ ਅੱਖ ਦੇ ਬਦਲੇ ਅੱਖ ਦੀ ਵਕਾਲਤ ਕਰ ਰਹੇ ਹੋ?**

ਕਾਂਸ਼ੀ ਰਾਮ: ਦੋ ਅੱਖਾਂ। ਮੈਂ ਆਪਣੇ ਪੈਰੋਕਾਰਾਂ ਨੂੰ ਕਹਿੰਦਾ ਹਾਂ ਇੱਕ ਈਟ ਕਾ ਜਵਾਬ, ਦੋ ਪੱਥਰੋਂ ਸੇ (ਤੁਹਾਨੂੰ ਇੱਕ ਇੱਟ ਦਾ ਬਦਲਾ ਦੋ ਪੱਥਰਾਂ ਨਾਲ ਲੈਣਾ ਚਾਹੀਦਾ ਹੈ), ਨਹੀਂ ਤਾਂ ਤੁਸੀਂ ਮੇਰੇ ਪੈਰੋਕਾਰ ਨਹੀਂ ਹੋ।

**ਸਵਾਲ: ਤਾਂ ਤੁਸੀਂ ਹਿੰਸਾ ਦਾ ਪ੍ਰਚਾਰ ਕਰ ਰਹੇ ਹੋ।**

ਕਾਂਸ਼ੀ ਰਾਮ: ਮੈਂ ਤਾਕਤ ਦਾ ਪ੍ਰਚਾਰ ਕਰ ਰਿਹਾ ਹਾਂ। ਹਿੰਸਾ ਨੂੰ ਰੋਕਣ ਲਈ, ਮੇਰੇ ਕੋਲ ਤਾਕਤ ਹੋਣੀ ਚਾਹੀਦੀ ਹੈ। ਉਦਾਹਰਣ ਵਜੋਂ, ਮੇਰੇ ਤੋਂ ਇਲਾਵਾ ਕੋਈ ਵੀ ਸ਼ਿਵ ਸੈਨਾ ਨੂੰ ਕੁਚਲ ਨਹੀਂ ਸਕਦਾ। ਜਦੋਂ ਵੀ ਮੈਂ ਮਹਾਰਾਸ਼ਟਰ ਆਵਾਂਗਾ, ਮੈਂ ਉਨ੍ਹਾਂ ਨੂੰ ਖਤਮ ਕਰ ਦਿਆਂਗਾ। ਸ਼ਿਵ ਸੈਨਾ ਦੀ ਹਿੰਸਾ ਖਤਮ ਹੋ ਜਾਵੇਗੀ।

**ਸਵਾਲ: - ਤੁਸੀਂ ਇਹ ਕਿਵੇਂ ਕਰੋਗੇ?**

ਕਾਂਸ਼ੀ ਰਾਮ: - ਸ਼ਿਵ ਸੈਨਾ ਦੇ ਮੈਂਬਰ ਕੌਣ ਹਨ ਜੋ ਸਾੜਦੇ ਅਤੇ ਤਬਾਹ ਕਰਦੇ ਹਨ? ਉਹ ਚਾਰ ਜਾਤਾਂ ਹਨ: 1. ਅਗਾਰੀ 2. ਭੰਡਾਰੀ 3. ਕੋਲੀ 4. ਚਮਾਰ। ਇਹ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਸਭ ਤੋਂ ਪਛੜੇ ਭਾਈਚਾਰੇ ਹਨ। ਜਿਵੇਂ ਹੀ ਮੈਂ ਮਹਾਰਾਸ਼ਟਰ ਨੂੰ ਛੂਹਦਾ ਹਾਂ, ਇਹ ਲੋਕ ਤੁਰੰਤ ਮੇਰੇ ਨਾਲ ਆ ਜਾਣਗੇ।

**ਸਵਾਲ: - ਤੁਹਾਨੂੰ ਕੀ ਲੱਗਦਾ ਹੈ ਕਿ ਬਸਪਾ ਆਰਪੀਆਈ ਵਾਂਗ ਖਤਮ ਨਹੀਂ ਹੋਵੇਗੀ? ਸੱਤਾਧਾਰੀ ਪਾਰਟੀ ਨਾਲ ਸੱਤਾ ਲਈ ਸੌਦੇਬਾਜ਼ੀ।**

ਕਾਂਸ਼ੀ ਰਾਮ: - ਆਰਪੀਆਈ ਨੇ ਕਦੇ ਸੌਦੇਬਾਜ਼ੀ ਨਹੀਂ ਕੀਤੀ। ਇਹ ਭੀਖ ਮੰਗ ਰਿਹਾ ਸੀ। ਇਹ ਕਦੇ ਸੌਦੇਬਾਜ਼ੀ ਦੇ ਦਰਜੇ 'ਤੇ ਨਹੀਂ ਪਹੁੰਚਿਆ। ਮੈਨੂੰ ਯਾਦ ਹੈ ਕਿ 1971 ਵਿੱਚ, ਪਾਰਟੀ ਨੇ 521 ਸੀਟਾਂ 'ਤੇ ਚੋਣ ਲੜਨ ਲਈ ਕਾਂਗਰਸ ਨਾਲ ਚੋਣ ਗਠਜੋੜ ਕੀਤਾ ਸੀ। ਕਾਂਗਰਸ ਨੇ 520 ਸੀਟਾਂ 'ਤੇ ਚੋਣ ਲੜੀ ਸੀ, ਆਰਪੀਆਈ ਨੇ ਇੱਕ ਸੀਟ 'ਤੇ ਚੋਣ ਲੜੀ। ਮੈਂ ਆਰਪੀਆਈ ਨੂੰ ਪਿਆਰ ਕਰਦਾ ਹਾਂ, ਪਰ ਮੈਨੂੰ ਇਸ ਨਾਲ ਤੁਲਨਾ ਕੀਤੇ ਜਾਣ ਤੋਂ ਨਫ਼ਰਤ ਹੈ। ਇਹ ਇੱਕ ਸਸਤੀ ਵੇਸਵਾ ਵਾਂਗ ਹੈ ਜੋ ਬਹੁਤ ਘੱਟ ਕੀਮਤ 'ਤੇ ਉਪਲਬਧ ਹੈ। ਜਿੰਨਾ ਚਿਰ ਮੈਂ ਜ਼ਿੰਦਾ ਹਾਂ, ਬਸਪਾ ਨਾਲ ਅਜਿਹਾ ਨਹੀਂ ਹੋਵੇਗਾ। ਅਸੀਂ ਬਦਲਾਅ ਚਾਹੁੰਦੇ ਹਾਂ। ਅਸੀਂ ਯਥਾਸਥਿਤੀ ਦੀਆਂ ਤਾਕਤਾਂ ਨਾਲ ਗਠਜੋੜ ਨਹੀਂ ਚਾਹੁੰਦੇ। ਜੇਕਰ ਸਾਡੇ ਸਹਿਯੋਗ ਤੋਂ ਬਿਨਾਂ ਸਰਕਾਰ ਨਹੀਂ ਬਣਾਈ ਜਾ ਸਕਦੀ, ਤਾਂ ਸਾਡੇ ਕੋਲ ਬਦਲਾਅ ਲਈ ਆਪਣੀਆਂ ਸ਼ਰਤਾਂ ਹੋਣਗੀਆਂ। ਅਸੀਂ ਬੁਨਿਆਦੀ ਅਤੇ ਢਾਂਚਾਗਤ ਬਦਲਾਅ ਚਾਹੁੰਦੇ ਹਾਂ, ਕਾਸਮੈਟਿਕ ਬਦਲਾਅ ਨਹੀਂ।

**ਸਵਾਲ: - ਅਫਵਾਹਾਂ ਹਨ ਕਿ ਤੁਸੀਂ ਪਿਛਲੇ ਨਵੰਬਰ ਵਿੱਚ ਫੰਡ ਮੰਗਣ ਲਈ ਗੋਂਡਾ ਵਿਖੇ ਹਾਜ਼ੀ ਮਸਤਾਨ ਮਿਰਜ਼ਾ ਨੂੰ ਮਿਲੇ ਸੀ।**

ਕਾਂਸ਼ੀ ਰਾਮ: - ਮੈਂ ਉਸਨੂੰ ਕਦੇ ਕਿਤੇ ਨਹੀਂ ਮਿਲਿਆ। ਮੈਂ ਸਿਰਫ਼ ਉਸਦੀ ਫੋਟੋ ਦੇਖੀ ਹੈ। ਉਹ ਦੂਜੇ ਲੋਕਾਂ ਨੂੰ ਪੈਸੇ ਦੇ ਰਿਹਾ ਹੋ ਸਕਦਾ ਹੈ, ਪਰ ਸਾਡੇ ਨਾਲ ਨਹੀਂ। ਦਰਅਸਲ ਉਸਨੂੰ ਸਾਡੇ ਵਿਰੁੱਧ ਵਰਤਿਆ ਜਾ ਰਿਹਾ ਹੈ। ਜੇਕਰ ਕੋਈ ਇਹ ਸਾਬਤ ਕਰ ਸਕਦਾ ਹੈ ਕਿ ਮੈਂ ਉਸਨੂੰ ਕਦੇ ਮਿਲਿਆ ਹਾਂ, ਤਾਂ ਮੈਂ ਸਭ ਤੋਂ ਵੱਡੀ ਸਜ਼ਾ ਭੁਗਤਣ ਲਈ ਤਿਆਰ ਹਾਂ। ਇਸ ਤੋਂ ਇਲਾਵਾ, ਹਾਜ਼ੀ ਮਸਤਾਨ ਕੋਲ ਕਿੰਨੇ ਪੈਸੇ ਹੋ ਸਕਦੇ ਹਨ? ਉਹ ਮੇਰੇ ਮੁਕਾਬਲੇ ਬਹੁਤ ਛੋਟਾ ਆਦਮੀ ਹੈ, ਜਿੱਥੋਂ ਤੱਕ ਫੰਡਾਂ ਦਾ ਸਵਾਲ ਹੈ। ਜੇਕਰ ਮੇਰੇ ਕੋਲ ਸਿਰਫ਼ ਹਾਜ਼ੀ ਮਸਤਾਨ ਵਰਗੇ ਫੰਡ ਹਨ, ਤਾਂ ਮੈਂ ਕਾਂਗਰਸ ਅਤੇ ਹੋਰ ਪਾਰਟੀਆਂ ਨੂੰ ਕਿਵੇਂ ਹਰਾ ਸਕਦਾ ਹਾਂ? ਉਹ ਸਾਨੂੰ ਕਿੰਨੇ ਕਰੋੜ ਦੇ ਸਕਦਾ ਹੈ?

**ਸਵਾਲ: - ਤੁਹਾਡੇ ਫੰਡਾਂ ਦੇ ਸਰੋਤਾਂ ਬਾਰੇ ਕੁਝ ਰਹੱਸ ਹੈ।**

ਕਾਂਸ਼ੀ ਰਾਮ: - ਮੇਰੇ ਫੰਡ ਵੱਖ-ਵੱਖ ਸਰੋਤਾਂ ਤੋਂ ਆਉਂਦੇ ਹਨ ਜੋ ਸੁੱਕਣਗੇ ਨਹੀਂ। ਮੇਰੇ ਫੰਡ ਉਨ੍ਹਾਂ ਲੋਕਾਂ ਤੋਂ ਆਉਂਦੇ ਹਨ ਜੋ ਦੌਲਤ ਪੈਦਾ ਕਰਦੇ ਹਨ। ਬਹੁਜਨ ਸਮਾਜ ਦੌਲਤ ਪੈਦਾ ਕਰਦਾ ਹੈ। ਮੈਨੂੰ ਆਪਣਾ ਪੈਸਾ ਉਨ੍ਹਾਂ ਤੋਂ ਮਿਲਦਾ ਹੈ। ਮੇਰੇ ਲੱਖਾਂ ਲੋਕ ਆਪਣੇ ਅਗਲੇ ਜਨਮ ਨੂੰ ਬਿਹਤਰ ਬਣਾਉਣ ਲਈ ਕੁੰਭ ਮੇਲੇ ਵਰਗੇ ਤਿਉਹਾਰਾਂ 'ਤੇ ਜਾਣ ਲਈ ਕਰੋੜਾਂ ਖਰਚ ਕਰਦੇ ਹਨ। ਮੈਂ ਉਨ੍ਹਾਂ ਨੂੰ ਦੱਸਦਾ ਹਾਂ ਕਿ ਕਾਂਸ਼ੀ ਰਾਮ ਨੂੰ ਅਗਲੇ ਜਨਮ ਬਾਰੇ ਕੁਝ ਨਹੀਂ ਪਤਾ। ਪਰ ਉਹ ਮੌਜੂਦਾ ਜੀਵਨ ਵਿੱਚ ਮਾਹਰ ਹੈ।

ਜਿਹੜੇ ਲੋਕ ਆਪਣੀ ਅਗਲੀ ਜ਼ਿੰਦਗੀ ਨੂੰ ਸੁਧਾਰਨ ਵਿੱਚ ਦਿਲਚਸਪੀ ਰੱਖਦੇ ਹਨ, ਮੈਂ ਉਨ੍ਹਾਂ ਨੂੰ ਕਹਿੰਦਾ ਹਾਂ, ਉਨ੍ਹਾਂ ਨੂੰ ਗੰਗਾ ਦੇ ਕੰਢੇ ਬ੍ਰਾਹਮਣਾਂ ਕੋਲ ਜਾਣਾ ਚਾਹੀਦਾ ਹੈ। ਜੋ ਲੋਕ ਆਪਣੀ ਮੌਜੂਦਾ ਜ਼ਿੰਦਗੀ ਨੂੰ ਸੁਧਾਰਨ ਵਿੱਚ ਦਿਲਚਸਪੀ ਰੱਖਦੇ ਹਨ, ਉਨ੍ਹਾਂ ਨੂੰ ਮੇਰੇ ਕੋਲ ਆਉਣਾ ਚਾਹੀਦਾ ਹੈ। ਇਸ ਲਈ ਉਹ ਮੇਰੀਆਂ ਮੀਟਿੰਗਾਂ ਵਿੱਚ ਇਕੱਠੇ ਹੁੰਦੇ ਹਨ।

**ਸਵਾਲ: - ਸੀਆਈਏ ਦੁਆਰਾ ਤੁਹਾਡੇ ਸਪਾਂਸਰ ਹੋਣ ਦੀ ਚਰਚਾ ਹੈ।**

ਕਾਂਸ਼ੀ ਰਾਮ: - ਇੰਨੇ ਸਾਲਾਂ ਤੋਂ ਇਹ ਸਰਕਾਰ ਇਸ ਬਾਰੇ ਤਾੜੀਆਂ ਵਜਾ ਰਹੀ ਹੈ। ਇਸਨੇ ਬਿਜਨੌਰ ਵਿੱਚ ਇਸ ਬਾਰੇ ਲੱਖਾਂ ਪੈਂਫਲੇਟ ਵੰਡੇ। ਪਰ ਨਤੀਜਾ ਇਹ ਹੋਇਆ ਕਿ ਲੋਕ ਗੁੱਸੇ ਵਿੱਚ ਆ ਗਏ ਅਤੇ ਖਰੀਦੇ ਨਹੀਂ ਜਾ ਸਕੇ। ਬਾਬੂ ਜੀ ਨੇ 1000 ਰੁਪਏ ਵਿੱਚ ਵੋਟਾਂ ਖਰੀਦਣ ਦੀ ਕੋਸ਼ਿਸ਼ ਕੀਤੀ। ਪਰ ਜਿਨ੍ਹਾਂ ਨੂੰ ਪਹਿਲਾਂ 10 ਰੁਪਏ ਵਿੱਚ ਖਰੀਦਿਆ ਜਾਂਦਾ ਸੀ, ਉਨ੍ਹਾਂ ਨੇ ਵੀ ਉਸਨੂੰ ਠੁਕਰਾ ਦਿੱਤਾ। ਅਤੇ ਜੇ ਮੈਂ ਸੀਆਈਏ ਦਾ ਬੰਦਾ ਹਾਂ, ਤਾਂ ਇਸ ਸਰਕਾਰ ਨੇ ਮੇਰੇ ਵਿਰੁੱਧ ਕੋਈ ਕਾਰਵਾਈ ਕਿਉਂ ਨਹੀਂ ਕੀਤੀ? ਇਹ ਦਰਸਾਉਂਦਾ ਹੈ ਕਿ ਇਹ ਇੱਕ ਹਿਜੜਾ (ਖੁਸਰਾ) ਸਰਕਾਰ ਹੈ।

**ਸਵਾਲ: - ਉਹ ਕਹਿੰਦੇ ਹਨ ਕਿ ਤੁਸੀਂ ਲਖਨਊ ਰੈਲੀ 'ਤੇ ਬਹੁਤ ਸਾਰਾ ਪੈਸਾ ਖਰਚ ਕੀਤਾ।**

ਕਾਂਸ਼ੀ ਰਾਮ: - ਸਿਰਫ਼ ਬੱਸਾਂ ਕਿਰਾਏ 'ਤੇ ਲੈਣ 'ਤੇ 22 ਲੱਖ ਰੁਪਏ ਖਰਚ ਕੀਤੇ ਗਏ। ਪਰ ਮੈਂ ਗੁੱਸੇ ਹਾਂ। ਇਹ 22 ਕਰੋੜ ਰੁਪਏ ਹੋਣੇ ਚਾਹੀਦੇ ਸਨ। ਇੱਕ ਸਮਾਂ ਆਵੇਗਾ ਜਦੋਂ ਲੋਕ ਮੇਰੇ ਸੱਦੇ 'ਤੇ 22 ਕਰੋੜ ਰੁਪਏ ਖਰਚ ਕਰਨ। ਮੈਨੂੰ ਪੈਸੇ ਦੀ ਕੋਈ ਕਮੀ ਮਹਿਸੂਸ ਨਹੀਂ ਹੁੰਦੀ। ਜੇ ਪੈਸਾ ਖਜ਼ਾਨੇ ਤੋਂ ਆ ਰਿਹਾ ਹੈ, ਤਾਂ ਇਹ ਖਤਮ ਹੋ ਜਾਵੇਗਾ। ਮੈਨੂੰ ਫੰਡਾਂ ਦੇ ਇੱਕ ਸਦੀਵੀ ਸਰੋਤ ਤੋਂ ਪੈਸਾ ਮਿਲ ਰਿਹਾ ਹੈ। ਮੈਨੂੰ ਸਾਰੀਆਂ 542 ਸੰਸਦੀ ਸੀਟਾਂ ਜਿੱਤਣ ਲਈ ਸਿਰਫ਼ ਇੱਕ ਕਰੋੜ ਰੁਪਏ ਦੀ ਲੋੜ ਹੈ। ਇੱਕ ਦਿਨ, ਵੋਟਰ ਕਾਂਸ਼ੀ ਰਾਮ ਨੂੰ ਪੈਸੇ ਦੇਣ ਲਈ ਲਾਈਨ ਵਿੱਚ ਲੱਗਣਗੇ। ਅਗਲੇ ਦਿਨ, ਉਹ ਕਾਂਸ਼ੀ ਰਾਮ ਨੂੰ ਵੋਟ ਪਾਉਣ ਲਈ ਲਾਈਨ ਵਿੱਚ ਲੱਗਣਗੇ।

**ਸਵਾਲ: - ਤੁਹਾਡੀ ਪਾਰਟੀ ਦੇ ਕੁਝ ਲੋਕ ਤੁਹਾਡੇ ਤੋਂ ਵੱਖ ਹੋ ਗਏ ਹਨ।**

ਕਾਂਸ਼ੀ ਰਾਮ: - ਤੁਸੀਂ ਸਾਰੇ ਲੋਕਾਂ ਨੂੰ ਇਕੱਠੇ ਨਹੀਂ ਰੱਖ ਸਕਦੇ। ਕੁਝ ਲੋਕ ਥੱਕ ਸਕਦੇ ਹਨ। ਕੁਝ ਲੋਕਾਂ ਨੂੰ ਖਰੀਦਿਆ ਜਾ ਸਕਦਾ ਹੈ। ਕੁਝ ਡਰ ਸਕਦੇ ਹਨ। ਇਹ ਇੱਕ ਸਥਾਈ ਵਿਸ਼ੇਸ਼ਤਾ ਹੋਵੇਗੀ। ਇਹ ਸਾਨੂੰ ਨਿਰਾਸ਼ ਨਹੀਂ ਕਰੇਗਾ। ਮੈਂ ਇੱਕ ਅਜਿਹਾ ਤਰੀਕਾ ਬਣਾਇਆ ਹੈ ਜਿੱਥੇ ਇੱਕ ਦਿੱਤੇ ਸਮੇਂ ਵਿੱਚ ਜੇਕਰ 10 ਲੋਕ ਚਲੇ ਜਾਂਦੇ ਹਨ, ਤਾਂ ਅਸੀਂ ਇੱਕੋ ਜਿਹੇ 110 ਲੋਕ ਪੈਦਾ ਕਰਾਂਗੇ। ਜਿਨ੍ਹਾਂ ਨੂੰ ਅਸੀਂ ਮਰੇ ਹੋਏ ਲੱਕੜ ਵਜੋਂ ਸੁੱਟ ਦਿੱਤਾ ਸੀ, ਦੂਸਰੇ ਉਨ੍ਹਾਂ ਨੂੰ ਚੁੱਕਣ ਅਤੇ ਅੱਗ ਵਿੱਚ ਸਾੜਨ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਉਨ੍ਹਾਂ ਨੂੰ ਸਾਡੇ ਵਿਰੁੱਧ ਵਰਤਣ ਦੀ ਕੋਸ਼ਿਸ਼ ਕਰ ਰਹੇ ਹਨ।

**ਸਵਾਲ: - ਤੁਸੀਂ ਦੁਹਰਾਉਂਦੇ ਹੋ ਕਿ ਤੁਸੀਂ ਕਦੇ ਵੀ ਕਿਸੇ ਵਿਦੇਸ਼ੀ ਸਰੋਤ ਤੋਂ ਫੰਡ ਨਹੀਂ ਲਿਆ।**

ਕਾਂਸ਼ੀ ਰਾਮ: - ਜਦੋਂ ਮੈਂ ਦੋ ਸਾਲ ਪਹਿਲਾਂ ਇੰਗਲੈਂਡ ਗਿਆ ਸੀ, ਤਾਂ ਕੁਝ ਲੋਕਾਂ - ਉੱਥੇ ਸੱਤ ਲੱਖ ਚਮਾਰ ਹਨ - ਨੇ ਮੈਨੂੰ ਫੰਡ ਦੀ ਪੇਸ਼ਕਸ਼ ਕੀਤੀ ਸੀ। ਮੈਂ ਪੈਸੇ ਨਾ ਲੈਣ ਦਾ ਫੈਸਲਾ ਕੀਤਾ, ਹਾਲਾਂਕਿ ਇੰਦਿਰਾ ਗਾਂਧੀ, ਰਾਜੀਵ ਗਾਂਧੀ ਅਤੇ ਬੂਟਾ ਸਿੰਘ ਨੇ ਉਸੇ ਸਰੋਤ ਤੋਂ ਪੈਸੇ ਲਏ ਸਨ - ਬਰਮਿੰਘਮ ਦੇ ਗੁਰੂ ਰਵਿਦਾਸ ਗੁਰਦੁਆਰੇ ਤੋਂ। ਉਨ੍ਹਾਂ ਨੇ ਬਾਬੂ ਜੀ ਨੂੰ ਵੀ ਦਿੱਤੇ ਸਨ। ਮੈਂ ਇਕੱਲਾ ਵਿਅਕਤੀ ਸੀ ਜਿਸਨੇ ਸਵੀਕਾਰ ਨਹੀਂ ਕੀਤਾ।

**ਸਵਾਲ: - ਤੁਸੀਂ ਕਿਸ ਤਰ੍ਹਾਂ ਦੀ ਤਬਦੀਲੀ ਦੀ ਭਾਲ ਕਰ ਰਹੇ ਹੋ?**

ਕਾਂਸ਼ੀ ਰਾਮ: - ਮੈਂ ਅਸਥਾਈ ਤਬਦੀਲੀਆਂ ਨਹੀਂ ਚਾਹੁੰਦਾ। ਮੈਂ ਉਸ ਚੀਜ਼ ਨੂੰ ਪ੍ਰਾਪਤ ਕਰਨ ਲਈ ਤਿਆਰ ਨਹੀਂ ਹਾਂ ਜੋ ਮੈਂ ਬਰਕਰਾਰ ਨਹੀਂ ਰੱਖ ਸਕਦਾ। ਸਾਨੂੰ ਉਹ ਪ੍ਰਾਪਤ ਕਰਨ ਦਿਓ ਜੋ ਅਸੀਂ ਕਰ ਸਕਦੇ ਹਾਂ, ਪਰ ਇਸਨੂੰ ਸਥਾਈ ਤਬਦੀਲੀ ਦੁਆਰਾ ਹੀ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ।

**ਸਵਾਲ: - ਅਤੇ ਤੁਸੀਂ ਕਦੋਂ ਚੋਣਾਂ ਲੜਨ ਦਾ ਇਰਾਦਾ ਰੱਖਦੇ ਹੋ?**

ਕਾਂਸ਼ੀ ਰਾਮ: - ਮੈਂ ਉਦੋਂ ਖੜ੍ਹਾ ਹੋਵਾਂਗਾ ਜਦੋਂ ਭਾਰਤ ਵਿੱਚ 100 ਹਲਕੇ ਹੋਣਗੇ ਜਿੱਥੇ ਮੈਨੂੰ ਵਾਕ ਓਵਰ ਮਿਲ ਸਕਦਾ ਹੈ।

**ਸਵਾਲ: - ਇਸ ਵਿੱਚ ਕਿੰਨਾ ਸਮਾਂ ਲੱਗੇਗਾ?**

ਕਾਂਸ਼ੀ ਰਾਮ: - ਵੱਧ ਤੋਂ ਵੱਧ ਦੋ ਸਾਲ।

“समानता और न्याय” पटियाला 14 मई INTERNATIONAL PAPER, 94636 01616 hardipchumber57@gmail.com

# हमारी आजादी की लड़ाई बाकी है- बाबा साहब

**बाबा साहेब कहते हैं**

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## कल के लेख का शेष भाग

डॉ. अरविंद बारुआ ( एम. ए. पीएच डी. बार एट-लॉ) कोलकाता से भेजे संदेश में कहते हैं-

“डॉ. बाबासाहेब अम्बेडकर तथा उनके अनुयायी बौद्ध



दीक्षा लेकर बौद्ध जगत में समाविष्ट हो रहे हैं। मैं उनका मन से स्वागत करता हूं। डॉ. बाबासाहेब अम्बेडकर ने बौद्ध दीक्षा लेने के बारे में लिया निर्णय युगप्रवर्तक है। उनके बारे में मेरे मन में परम आदर है। बौद्ध धम्म को फिर उच्च पद तक ले जाने में तथा आज की धर्मग्लानी को दूर करने के लिए डॉ. बाबासाहेब अम्बेडकर जैसे दैदीप्यमान व्यक्तित्व की दुनिया के बौद्ध जनों के लिए आज बेहद जरूरत है। उनके बहुआयामी व्यक्तित्व से तथा उनके ज्ञान से उन्हें दुनिया के बुद्ध शासन का आदर प्राप्त करेंगे इसका मुझे यकीन है। मेरी बिनती है कि वे इस महान कार्य के लिए आगे आएं।

14 अक्तूबर, 1956 के दिन नागपूर में हो रहे इस शुभ प्रसंग पर मैं अंत:करण से डॉ. बाबासाहेब अम्बेडकर की महान सीख से निष्ठा और उनके अनुयायियों के साथ विशुद्ध बंधुभाव व्यक्त करता हूं।”

### रंगून के महाथोरो, यू पन्नलोक अपने संदेश में कहते हैं-

“ 14 अक्तूबर, 1956 के दिन डॉ. बाबासाहेब अम्बेडकर और उनके अनुयायी बौद्ध दीक्षा लेकर भगवान बुद्ध की सीख के तीन आश्रयों की छत्रछाया में आएंगे यह सुन कर हर्ष हुआ। मैं उन सभी के लिए शुद्ध और मुक्त जीवन की कामना करता हूं। मैं प्रार्थना करता हूं कि, भगवान बुद्ध के अष्टांमार्ग का सब अनुसरण करें और मानवमात्र का दु:ख समाप्त कर सच्ची शांति का प्रतीक निर्वाण उन्हें प्राप्त हो । १४

सोमवार, दिनांक 15 अक्तूबर, 1956 के दिन सुबह 10-12 बजे के बीच डॉ. बाबासाहेब अम्बेडकर का बौद्ध धर्म को स्वीकार करने के बारे में स्फूर्तिदायक और अत्यंत भावनाकुल होकर कहे गए, जानकारी से भरा भाषण हुआ। लाखों लोग उनका भाषण धूप में खड़े रह कर या जहां भी जगह मिले वहां बैठ कर एकाग्र मन से सुन रहे थे। १५

उन्होंने में कहा-

“सभी बौद्धजनों और उपस्थित मेहमानों,

कल और आज सुबह बौद्ध दीक्षा लेने और देने का जो समारोह यहां हुआ उसके बारे में लोगों को थोड़ा मुश्किल लग रहा होगा। उनके हिसाब से कल का कार्यक्रम आज और आज का कार्यक्रम कल होना चाहिए था । यह जानना जरूरी है कि हमने इस कार्य की जिम्मेदारी क्यों ली? उसकी क्या जरूरत थी? इससे हासिल क्या होगा ? ये बातें जानने के बाद ही हमारे काम की नींव मजबूत होगी। यह सब जानने का काम असल में कल ही होना चाहिए था लेकिन कुछ बातें इतनी अनिश्चित होती हैं कि वे अपने समय से होती रहती हैं। यह विधि भी इसी प्रकार संपन्न हुई यह सच है हालांकि, कार्यक्रमों के दिनों की अदला-बदली होने से बहुत नुकसान नहीं है। हुआ कई लोग मुझसे पूछते हैं कि आपने इस काम के लिए नागपूर शहर को ही क्यों चुना? किसी और जगह कार्यक्रम क्यों नहीं किया? कुछ लोग कहते हैं कि आर एस एस की राष्ट्रीय स्वयंसेवक संघ की बड़ी पलटन नागपूर में होने के कारण उनके सीने पर सवार होकर इस काम को पूरा करने के इरादे से हमने इस सभा का आयोजन नागपूर में किया। इस कथन में कोई सच्चाई नहीं। इस कारण हमने यह कार्य नागपूर में नहीं रखा है। हमारा काम इतना बड़ा है कि जीवन का हर एक मिनट लगाने पर भी समय कम पड़े। अपनी नाक खुजा कर औरों को अपशगुन करने के लिए मेरे पास समय नहीं है।

